Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | **Vol 21* Issue 13** | **Wednesday, January 19, 2022** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਇਟੋਬੀਕੋ ਵਿਚ ਚੱਲੀ ਗੋਲੀ, ਇੱਕ ਹਲਾਕ

ਇਟੋਬੀਕੋ, 18 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਇਟੋਬੀਕੋ ਦੀ ਇੱਕ ਰਿਹਾਇਸ਼ੀ ਇਮਾਰਤ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।




ਸਵੇਰੇ 3:00 ਵਜੇ ਤੋਂ ਪਹਿਲਾਂ 401 ਤੋਂ ਉੱਤਰ ਵੱਲ ਇਸਲਿੰਗਟਨ ਐਵਨਿਊ ਉੱਤੇ ਸਥਿਤ ਇਸ ਇਮਾਰਤ ਵਿੱਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

## ਸਕੂਲ ਖੁੱਲ੍ਹਣ ਉੱਤੇ ਵਿਦਿਆਰਥੀਆਂ ਤੇ ਸਟਾਫ ਦੀ ਸੇਫਟੀ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਲਿਚੇ, ਮੂਰ

ਓਨਟਾਰੀਓ, 18 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਤੇ ਪ੍ਰੋਵਿੰਸ ਦੇ ਉੱਘੇ ਡਾਕਟਰ ਵੱਲੋਂ ਮਾਪਿਆਂ ਤੇ ਗਾਰਜੀਅਨਜ਼ ਨੂੰ ਲਿਖੇ ਗਏ ਖੁੱਲ੍ਹੇ ਪੱਤਰ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਵਿਦਿਆਰਥੀਆਂ ਤੇ ਸਟਾਫ ਦੇ ਸਕੂਲ ਪਰਤਣ ਸਮੇਂ ਸਕੂਲ ਸਥਿਤ ਵੈਕਸੀਨ ਕਲੀਨਿਕਸ ਲਾਂਚ ਕੀਤੇ ਜਾ ਰਹੇ ਹਨ।



ਸਟੀਫਨ ਲਿਚੇ ਤੇ ਡਾ•ਕੀਰਨ ਮੂਰ ਨੇ ਇਸ ਸਾਂਝੇ ਪੱਤਰ ਵਿੱਚ ਆਖਿਆ ਕਿ ਸਰਕਾਰ ਇਸ ਗੱਲ ਤੋਂ ਜਾਣੂ ਹੈ ਕਿ ਓਨਟਾਰੀਓ ਦੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ, ਉਨ੍ਹਾਂ ਦੀ ਭਲਾਈ ਤੇ ਅਕਾਦਮਿਕ ਸਫਲਤਾ ਲਈ ਇਨ ਪਰਸਨ ਲਰਨਿੰਗ ਕਿੰਨੀ ਜ਼ਰੂਰੀ ਹੈ। ਦੋਵਾਂ ਅਧਿਕਾਰੀਆਂ ਨੇ ਆਖਿਆ ਕਿ ਪਬਲਿਕਲੀ ਫੰਡਿਡ ਸਕੂਲਾਂ ਵਿੱਚ ਵਿਦਿਆਰਥੀਆਂ ਤੇ ਸਟਾਫ ਨੂੰ ਕਈ ਮਿਲੀਅਨ ਹੋਰ ਰੈਪਿਡ ਐਂਟੀਜਨ ਟੈਸਟਸ ਮੁਹੱਈਆ ਕਰਵਾਏ ਗਏ ਹਨ। ਦੋਵਾਂ ਅਧਿਕਾਰੀਆਂ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਹਰੇਕ ਵਿਦਿਆਰਥੀ ਦੋ ਰੈਪਿਡ ਐਂਟੀਜਨ ਟੈਸਟਸ ਨਾਲ ਘਰ ਜਾਵੇਗਾ। ਉਨ੍ਹਾਂ ਆਖਿਆ ਕਿ ਅਸੀਂ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੇ। ਸਾਡੇ ਸਕੂਲਾਂ ਤੇ ਚਾਈਲਡ ਕੇਅਰ ਸੈਟਿੰਗਜ ਵਿੱਚ ਹੈਲਥ ਤੇ ਸੇਫਟੀ ਸਾਡੀ ਮੁੱਖ ਤਰਜੀਹ ਹੈ। ਬੱਚਿਆਂ, ਵਿਦਿਆਰਥੀਆਂ ਤੇ ਸਟਾਫ ਦੀ ਹਿਫਾਜ਼ਤ ਲਈ ਸਾਰੇ ਮਾਪਦੰਡਾਂ ਦਾ ਪਾਲਣ ਕੀਤਾ ਜਾਵੇ, ਇਹ ਯਕੀਨੀ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ, ਚਾਈਲਡ ਕੇਅਰ ਸੈਟਿੰਗਜ਼ ਵਿੱਚ ਬੱਚਿਆਂ ਤੇ ਸਟਾਫ ਦੀ ਹੋਰ ਹਿਫਾਜ਼ਤ ਲਈ ਰੈਪਿਡ ਐਂਟੀਜਨ ਟੈਸਟਸ ਮੁਹੱਈਆ ਕਰਾਵੇਗੀ।


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6


## ਜਾਂਚ ਦੌਰਾਨ 4 ਮਿਲੀਅਨ ਡਾਲਰ ਦੇ ਡਰਗਜ਼, ਹਥਿਆਰ ਤੇ ਨਕਦੀ ਬਰਾਮਦ

ਟੋਰਾਂਟੋ, 18 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਦਾਅਵਾ ਹੈ ਕਿ ਉਨ੍ਹਾਂ ਨੇ 4 ਮਿਲੀਅਨ ਡਾਲਰ ਦੇ ਡਰੱਗਜ਼ ਸੀਜ਼ ਕੀਤੇ ਹਨ। ਇੱਕ ਸਾਲ ਤੱਕ ਗੰਨਜ਼ ਤੇ ਗੈਂਗ ਸਬੰਧੀ ਚੱਲੀ ਜਾਂਚ ਦੌਰਾਨ ਅਜਿਹਾ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਪ੍ਰੋਜੈਕਟ ਟੁੰਡਰਾ ਅਕਤੂਬਰ 2020 ਵਿੱਚ ਸ਼ੁਰੂ ਹੋਇਆ ਤੇ ਇਸ ਦਰਮਿਆਨ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਉੱਤੇ ਹੁਣ ਕਈ ਚਾਰਜਿਜ਼ ਲਾਏ ਗਏ ਹਨ। ਇੱਕ ਰਲੀਜ਼ ਵਿੱਚ ਡਿਪਟੀ ਚੀਫ ਮਾਇਰੋਨ ਡੈਮਕਿਊ ਨੇ ਆਖਿਆ ਕਿ ਗੰਨ ਕ੍ਰਾਈਮ ਰੋਕਣ ਤੇ ਹਥਿਆਰਾਂ ਦੀ ਘਾਤਕ ਜੁਰਮਾਂ ਵਿੱਚ ਹੋਣ ਵਾਲੀ ਵਰਤੋਂ ਨੂੰ ਰੋਕਣ ਲਈ ਸਾਡੀ ਮਿਹਨਤ ਇਹ ਗ੍ਰਿਫਤਾਰੀਆਂ ਆਪ ਬਿਆਨਦੀਆਂ ਹਨ।



ਉਨ੍ਹਾਂ ਦੱਸਿਆ ਕਿ ਸਾਡੀ ਸਮਰਪਿਤ ਗੰਨ ਤੇ ਗੈਂਗ ਟਾਸਕ ਫੋਰਸ ਨੇ ਆਪਣੇ ਸਕਿੱਲਜ਼ ਤੇ ਗਿਆਨ ਦੀ ਵਰਤੋਂ ਕਰਦਿਆਂ ਹੋਇਆਂ ਹੋਰ ਜਾਂਚ ਕਰਾਂਗੇ ਤੇ ਕਮਿਊਨਿਟੀ ਵਿੱਚੋਂ ਜੁਰਮ ਨੂੰ ਖ਼ਤਮ ਕਰਨ ਲਈ ਕੋਸ਼ਿਸ਼ ਕਰਾਂਗੇ। ਉਨ੍ਹਾਂ ਦੱਸਿਆ ਕਿ ਦੋ ਘਰਾਂ ਦੀ ਤਲਾਸ਼ੀ ਲਈ ਗਈ ਤੇ ਪੁਲਿਸ ਨੂੰ ਇੱਥੋਂ ਗੰਨਜ਼, ਡਰੱਗਜ਼-ਜਿਨ੍ਹਾਂ ਵਿੱਚ ਕੋਕੀਨ, ਕ੍ਰਿਸਟਲ ਮੈੱਥ ਤੇ ਫੈਂਟਾਨਿਲ ਆਦਿ ਸ਼ਾਮਲ ਸਨ, ਬਰਾਮਦ ਹੋਈਆਂ। ਇਸ ਤੋਂ ਇਲਾਵਾ ਮੁਜਰਮਾਨਾਂ ਗਤੀਵਿਧੀਆਂ ਨਾਲ ਕਮਾਈ ਗਈ 93000 ਡਾਲਰ ਦੀ ਨਕਦੀ ਵੀ ਪੁਲਿਸ ਨੂੰ ਹਾਸਲ ਹੋਈ।

ਇਸ ਦੌਰਾਨ ਵ੍ਹਿਟਬੀ ਦੇ 33 ਸਾਲਾ ਸ਼ਾਨ ਤਰੀਨ, ਟੋਰਾਂਟੋ ਦੇ 31 ਸਾਲਾ ਰਿਜਵਾਨ ਘਾਰਡਾ ਨੂੰ 21 ਸਤੰਬਰ,2021 ਨੂੰ ਗ੍ਰਿਫਤਾਰ ਕੀਤਾ ਗਿਆ। ਟੋਰਾਂਟੋ ਦੇ 27 ਸਾਲਾ ਸਾਇਰ ਕੈਸਟਿਲੋਐਂਪਾਰੋ ਨੂੰ ਵੀ ਚਾਰਜ ਕੀਤਾ ਗਿਆ ਹੈ। ਤਿੰਨਾਂ ਦੋਸ਼ੀਆਂ ਨੂੰ 13 ਜਨਵਰੀ,2022 ਨੂੰ ਅਦਾਲਤ ਵਿੱਚ ਵੀ ਪੇਸ਼ ਕੀਤਾ ਗਿਆ।

## ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ ਨੂੰ ਦਿੱਤੀ ਜਾ ਸਕਦੀ ਹੈ ਪੈਕਸਲੋਵਿਡ ਪਿੱਲ : ਟੈਮ

ਓਟਵਾ, 18 ਜਨਵਰੀ (ਪੋਸਟ ਬਿਊਰੋ) : ਕੈਨੇਡਾ ਦੀ ਉੱਘੀ ਡਾਕਟਰ ਥੈਰੇਸਾ ਟੈਮ ਦਾ ਕਹਿਣਾ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਕੋਵਿਡ-19 ਵੈਕਸੀਨੇਸ਼ਨ ਨਹੀਂ ਕਰਵਾਈ ਹੈ ਉਨ੍ਹਾਂ ਨੂੰ ਨਵੇਂ ਮਨਜ਼ੂਰ ਕੀਤੇ ਗਏ ਇਲਾਜ ਰਾਹੀਂ ਗੁਜ਼ਰਨਾ ਹੋਵੇਗਾ। ਪਰ ਇਸ ਟਰੀਟਮੈਂਟ ਦੀ ਸਪਲਾਈ ਅਜੇ ਬਹੁਤ ਘੱਟ ਹੈ।




ਫਾਈਜ਼ਰ ਦੀ ਐਂਟੀਵਾਇਰਲ ਗੋਲੀ ਪੈਕਸਲੋਵਿਡ ਨੂੰ ਸੋਮਵਾਰ ਨੂੰ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਇਹ ਪਿੱਲ ਉਨ੍ਹਾਂ ਲੋਕਾਂ ਨੂੰ ਦਿੱਤੀ ਜਾ ਸਕੇਗੀ ਜਿਨ੍ਹਾਂ ਅੰਦਰ ਕੋਵਿਡ-19 ਦੇ ਮਾਮੂਲੀ ਜਾਂ ਦਰਮਿਆਨੇ ਲੱਛਣ ਪਾਏ ਜਾਣਗੇ, ਜਿਨ੍ਹਾਂ ਦੇ ਗੰਭੀਰ ਬਿਮਾਰ ਹੋਣ ਦਾ ਖਤਰਾ ਹੋਵੇਗਾ ਤੇ ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਨ ਜਾਂ ਵਧੇਰੇ ਕੇਅਰ ਦੀ ਲੋੜ ਹੋਵੇਗੀ। ਜਿਹੜਾ ਪਹਿਲਾਂ ਤੋਂ ਹੀ ਹਸਪਤਾਲ ਵਿੱਚ ਭਰਤੀ ਹੈ ਅਜਿਹੇ ਮਰੀਜ਼ ਨੂੰ ਇਹ ਦਵਾਈ ਨਹੀਂ ਦਿੱਤੀ ਜਾ ਸਕਦੀ। ਇਹ ਦਵਾਈ ਲੱਛਣ ਨਜ਼ਰ ਆਉਣ ਦੇ ਪੰਜ ਦਿਨਾਂ ਦੇ ਅੰਦਰ ਅੰਦਰ ਦੇਣੀ ਹੋਵੇਗੀ।

ਫਾਈਜ਼ਰ ਦਾ ਇਹ ਦਾਅਵਾ ਹੈ ਕਿ ਇਸ ਦਵਾਈ ਦੇ ਟ੍ਰਾਇਲਜ਼ ਤੋਂ ਸਾਹਮਣੇ ਆਇਆ ਹੈ ਕਿ ਇਹ ਡਰੱਗ ਕਿਸੇ ਬਾਲਗ ਵਿਅਕਤੀ ਦੇ ਹਸਪਤਾਲ ਦਾਖਲ ਹੋਣ ਜਾਂ ਕਿਸੇ ਦੀ ਮੌਤ ਦੀ ਸੰਭਾਵਨਾ ਨੂੰ 89 ਫੀ ਸਦੀ ਘਟਾਉਂਦੀ ਹੈ, ਬਸ਼ਰਤੇ ਇਸ ਨੂੰ ਲੱਛਣ ਨਜ਼ਰ ਆਉਣ ਤੋਂ ਤੁਰੰਤ ਬਾਅਦ ਲਿਆ ਜਾਵੇ।


NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਨੂੰ ਪੰਜਾਬ ਵਿੱਚ ਮੁੱਖ ਮੰਤਰੀ ਲਈ ਚਿਹਰਾ ਐਲਾਨਿਆ

ਮੋਹਾਲੀ, 18 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੂੰ ਇਸ ਪਾਰਟੀ ਨੇ ਅੱਜ ਪੰਜਾਬ ਦਾ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂਬਾਕਾਇਦਾ ਐਲਾਨ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਮੰਗਲਵਾਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਕੀਤਾ ਤਾਂ ਭਗਵੰਤ ਮਾਨ ਭਾਵੁਕ ਹੋ ਗਏ। ਇਸ ਮੌਕੇ ਕੇਜਰੀਵਾਲ ਨੇ ਕਿਹਾ ਕਿ ਆਮ ਲੋਕਾਂ ਵਿੱਚੋਂ ਕਰਵਾਏ ਸਰਵੇ ਵਿੱਚ ਪੰਜਾਬ ਦੇ 21 ਲੱਖ ਤੋਂ ਵੱਧ ਲੋਕਾਂ ਦਾ ਫੀਡਬੈਕ ਮਿਲਿਆ ਤੇ ਇਸ ਵਿੱਚੋਂ 93.3 ਫੀਸਦੀ ਲੋਕਾਂ ਨੇ ਭਗਵੰਤ ਮਾਨ ਨੂੰ ਪੰਜਾਬ ਦੇ ਮੁਖ ਮੰਤਰੀ ਵਜੋਂ ਪਹਿਲੀ ਪਸੰਦ ਦੱਸਿਆ ਹੈ।ਦੂਸਰੇ ਨੰਬਰ ਉੱਤੇ ਨਵਜੋਤ ਸਿੱਧੂ ਦਾ ਨਾਮ ਹੈ। ਭਗਵੰਤ ਮਾਨ ਨੂੰ ਆਪਣਾ

*** ਆਮ ਲੋਕਾਂ ਵਿੱਚੋਂ ਆਈ ਰਾਏ ਦੇ ਆਧਾਰ ਉੱਤੇ ਫੈਸਲਾ**

ਛੋਟਾ ਭਰਾ ਦੱਸਦੇ ਹੋਏ ਕੇਜਰੀਵਾਲ ਨੇ ਕਿਹਾ ਕਿਅੱਜ ਇਤਿਹਾਸਕ ਦਿਨ ਹੈ, ਆਮ ਆਦਮੀ ਪਾਰਟੀ ਨੇ 17 ਜਨਵਰੀ ਸ਼ਾਮ 5 ਵਜੇ ਤੱਕ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਬਾਰੇ ਲੋਕਾਂ ਤੋਂ ਰਾਏ ਮੰਗੀ ਤੇ ਪੰਜਾਬ ਵਿੱਚੋਂ ਮੁੱਖ ਮੰਤਰੀ ਉਮੀਦਵਾਰ ਬਣਾਉਣ ਲਈ 21 ਲੱਖ ਤੋਂ ਵੱਧ ਲੋਕਾਂ ਨੇ ਰਾਏ ਭੇਜੀ ਹੈ, ਜਿਨ੍ਹਾਂ ਨੇ ਵਟਸਐਪ, ਕਾਲ ਤੇ ਮੈਸੇਜ ਉੱਤੇਮੁੱਖ ਮੰਤਰੀ ਉਮੀਦਵਾਰ ਦੇ ਚਿਹਰੇ ਉੱਤੇ ਆਪੋ ਆਪਣੇ ਸੁਝਾਅ ਦਿੱਤੇ ਹਨ ਅਤੇ ਪਾਰਟੀ ਇਸ ਦਾ ਸਤਿਕਾਰ ਕਰਦੀ ਹੈ।

ਇਸ ਕਾਨਫਰੰਸ ਦੌਰਾਨ ਜਦੋਂ ਅਰਵਿੰਦ ਕੇਜਰੀਵਾਲ ਨੇ ਭਗਵੰਤ ਮਾਨ ਦੇ ਨਾਂ ਦਾ ਐਲਾਨ ਕੀਤਾ ਤਾਂ ਉਹ ਭਾਵੁਕ ਹੋ ਗਏ ਅਤੇ ਕੇਜਰੀਵਾਲ ਨੇ ਮਾਨ ਨੂੰ ਜੱਫੀ ਪਾ ਲਈ। ਇਸ ਪਿੱਛੋਂ ਭਾਵੁਕ ਹੋਏ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਸੋਚਿਆ ਨਹੀਂ ਸੀ ਕਿ ਜ਼ਿੰਦਗੀਦਾਏਡਾ ਬਦਲਾਅ ਆਵੇਗਾ। ਮਾਨ ਨੇ ਭਾਸ਼ਣ ਦੇ ਦੌਰਾਨ ਸਾਬਕਾ ਰਾਸ਼ਟਰਪਤੀ ਡਾਕਟਰ ਏਪੀਜੇ ਅਬਦੁਲ ਕਲਾਮ ਅਤੇ ਨੈਲਸਨ ਮੰਡੇਲਾ ਦਾ ਜ਼ਿਕਰ ਕੀਤਾ ਤੇਕਿਹਾ, 'ਜਦੋਂ ਮੈਂ ਕਾਮੇਡੀਅਨ ਸੀ ਅਤੇ ਲੋਕਾਂ ਦੇ ਘਰ ਜਾਂਦਾ ਸੀ ਤਾਂ ਲੋਕ ਮੇਰਾ ਚਿਹਰਾ ਦੇਖ ਕੇ ਹੱਸਦੇ ਸਨ। ਮੈਂ ਕਦੇ ਸੋਚਿਆ ਨਹੀਂ ਸੀ ਕਿ ਜ਼ਿੰਦਗੀ ਵਿੱਚ ਇੰਨੀ ਵੱਡੀ ਤਬਦੀਲੀ ਆਵੇਗੀ।ਅੱਜ ਜਦੋਂ ਮੈਂ ਵੱਡੀਆਂ ਮੀਟਿੰਗਾਂ ਵਿੱਚ ਜਾਂਦਾ ਹਾਂਤਾਂ ਲੋਕ ਮੇਰਾ ਚਿਹਰਾ ਦੇਖ ਕੇ ਰੋਂਦੇ ਹੋਏ ਕਹਿੰਦੇ ਹਨ ਕਿ ਸਾਨੂੰ ਬਚਾਓ, ਬੱਚੇ ਗਲਤ ਸੰਗਤ ਵਿੱਚ ਫਸੇ ਹਨ।' ਮਾਨ ਨੇ ਕਿਹਾ ਕਿ 'ਜੇ ਸੱਤਾ ਸਾਡੇ ਹੱਥ ਆਈ ਤਾਂ ਗਰੀਬਾਂ ਦੀ ਜ਼ਿੰਦਗੀ ਬਦਲਣ ਲਈ ਫੈਸਲੇ ਲਵਾਂਗੇ।' ਉਨ੍ਹਾ ਕਿਹਾ,



'ਲੋਕਾਂ ਸਾਡੇ ਉੱਤੇ ਭਰੋਸਾ ਕੀਤਾ ਹੈ ਤਾਂ ਮੈਂ ਦੁੱਗਣੇ ਜੋਸ਼ ਨਾਲ ਕੰਮ ਕਰਾਂਗਾ ਤੇ ਆਪਣੀ ਕਲਮ ਕਿਸੇ ਚੇਲੇ ਲਈ ਨਹੀਂ, ਗਰੀਬਾਂ ਲਈ ਵਰਤਾਂਗਾ। ਜੇ ਪੰਜਾਬ ਦੀ ਸੱਤਾ ਸਾਡੇ ਹੱਥ ਆਈ ਤਾਂ ਅਸੀਂ ਪੰਜਾਬ ਦੇ ਲੋਕਾਂ ਲਈ ਫੈਸਲੇ ਲਵਾਂਗੇ, ਲਾਲਚ ਜਾਂ ਦਬਾਅ ਹੇਠ ਨਹੀਂ ਆਵਾਂਗੇ।ਪਹਿਲੀ ਜ਼ਿੰਮੇਵਾਰੀ ਸਰਕਾਰ ਬਣਾਉਣ ਦੀ ਹੈ। ਨੌਜਵਾਨਾਂ ਨੂੰ ਨੌਕਰੀਆਂ ਦੇਣੀਆਂ ਤੇਕੈਲੈਫੋਰਨੀਆ ਬਣਾਉਣ ਦਾ ਕੋਈ ਵਾਅਦਾ ਨਹੀਂ, ਅਸੀਂ ਪੰਜਾਬ ਨੂੰ ਪੰਜਾਬ ਬਣਾਉਣਾ ਹੈ।"ਪ੍ਰੈੱਸ ਕਾਨਫਰੰਸ ਵਿੱਚ ਕੇਜਰੀਵਾਲ ਨੇ ਕਿਹਾ ਕਿ ਦੂਸਰੀਆਂ ਪਾਰਟੀਆਂ ਆਪਣੇ ਪੁੱਤਰ, ਨੂੰਹ ਜਾਂ ਘਰ ਦੇ ਬੰਦੇ ਨੂੰ ਮੁੱਖ ਮੰਤਰੀ ਚਿਹਰਾ ਬਣਾਉਂਦੀਆਂ ਹਨ, ਆਮ ਆਦਮੀ ਪਾਰਟੀ ਨੇ ਏਦਾਂ ਨਹੀਂ ਕੀਤਾ।' ਉਨ੍ਹਾ ਕਿਹਾ ਕਿ 'ਭਗਵੰਤ ਮਾਨ ਮੇਰਾ ਛੋਟਾ ਭਰਾ ਹੈ। ਜੇ ਮੈਂ ਸਿੱਧਾ ਉਨ੍ਹਾਂ ਦਾ ਨਾਂ ਦੇਂਦਾ ਤਾਂ ਭਾਈ-ਭਤੀਜਾਵਾਦ ਦੇ ਦੋਸ਼ ਲੱਗਣੇ ਸਨ ਤੇ ਲੋਕ ਕਹਿੰਦੇ ਕਿ ਕੇਜਰੀਵਾਲ ਨੇ ਆਪਣੇ ਭਰਾ ਨੂੰ ਉਮੀਦਵਾਰ ਬਣਾਇਆ ਹੈ। ਇਸ ਲਈ ਇਹ ਫੈਸਲਾ ਜਨਤਕ ਵੋਟਿੰਗ ਨਾਲ ਲਿਆ ਸੀ। ਆਮ ਆਦਮੀ ਪਾਰਟੀਵੱਲੋਂ ਜਾਰੀ ਨੰਬਰ ਵਿੱਚ ਮਿਲੇ ਫੀਡਬੈਕ ਵਿੱਚ ਭਗਵੰਤ ਮਾਨ ਸਭ ਤੋਂ ਅੱਗੇ ਰਹੇ ਹਨ। ਕੱਲ ਸ਼ਾਮ ਤੱਕ ਕਰੀਬ 22 ਲੱਖ ਲੋਕਾਂ ਨੇ ਸੁਝਾਅ ਦਿੱਤੇ ਸਨ।'

ਵਰਨਣ ਯੋਗ ਹੈ ਕਿ ਬੇਸ਼ੱਕ 13 ਜਨਵਰੀ ਨੂੰ ਅਰਵਿੰਦ ਕੇਜਰੀਵਾਲ ਨੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਗਰੂਰ ਤੋਂ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਦੇ ਨਾਂਅ ਉੱਤੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਮੋਹਰ ਲਾ ਦਿੱਤੀ, ਪਰ ਉਨ੍ਹਾਂ ਨੇ ਆਪਣੇ ਪਸੰਦਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦੱਸਣ ਦਾ ਜ਼ਿੰਮਾ ਪੰਜਾਬ ਦੇ ਲੋਕਾਂ ਉੱਤੇ ਪਾ ਦਿੱਤਾ ਹੈ

ਭਗਵੰਤ ਮਾਨ ਦਾ ਜਨਮ 1973 ਵਿੱਚ ਸੰਗਰੂਰ ਦੇ ਪਿੰਡ ਸਤੋਜ ਵਿੱਚ ਹੋਇਆ ਸੀ ਤੇ ਉਨ੍ਹਾਂ ਨੇ ਕਾਮੇਡੀਅਨ ਵਜੋਂ ਕਰੀਅਰ ਸ਼ੁਰੂ ਕੀਤਾ ਸੀ।ਉਹ ਟੀ ਵੀ ਸ਼ੋਅ 'ਜੁਗਨੂੰ ਮਸਤ ਮਸਤ'ਵਿੱਚ ਆਪਣੇ ਵਿਅੰਗ ਲਈ ਮਸ਼ਹੂਰ ਹੋਏ ਅਤੇ ਹੋਰ ਕਾਮੇਡੀ ਸ਼ੋਅਜ਼ ਵਿੱਚ ਵੀ ਆਏ ਸਨ। ਉਨ੍ਹਾਂ ਦਾ ਸਿਆਸੀ ਕਰੀਅਰ 2011 ਵਿੱਚ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਪੀਪਲਜ਼ ਪਾਰਟੀ ਨਾਲ ਸ਼ੁਰੂ ਹੋਇਆ ਤੇ 2012 ਦੀ ਚੋਣ ਲਹਿਰਾਗਾਗਾ ਤੋਂ ਲੜੀ ਸੀ, ਪਰ ਹਾਰ ਗਏ ਸਨ। 2014 ਵਿੱਚ ਭਗਵੰਤ ਮਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਸੰਗਰੂਰ ਲੋਕ ਸਭਾ ਚੋਣ ਲੜੇ ਅਤੇ ਉੱਘੇ ਸਿਆਸੀ ਆਗੂ ਸੁਖਦੇਵ ਸਿੰਘ ਢੀਂਡਸਾ ਨੂੰ ਹਰਾਇਆ ਤਾਂ ਪੰਜਾਬ ਦੀ ਸਿਆਸਤ ਦੀ ਹੋਰ ਅਹਿਮੀਅਤ ਮਿਲ ਗਈ। ਉਹ ਲਗਾਤਾਰ ਦੋ ਵਾਰ ਸੰਗਰੂਰ ਦੀ ਪੰਜਾਬ ਲੋਕ ਸਭਾ ਸੀਟ ਤੋਂ ਚੁਣੇ ਗਏ ਸਨ। ਆਪਣੀ ਸ਼ੈਲੀ ਕਾਰਨ ਉਹ ਮਾਲਵਾ ਖੇਤਰ ਸਮੇਤ ਪੂਰੇ ਪੰਜਾਬ ਵਿੱਚਪ੍ਰਸਿੱਧ ਹਨ ਅਤੇ ਉਨ੍ਹਾਂ ਦਾ ਸਪਸ਼ਟ ਅਕਸ ਤੇ ਬੋਲਣ ਦੀ ਸ਼ੈਲੀ ਉਸ ਦੀ ਤਾਕਤ ਹੈ। ਜੱਟ ਸਿੱਖ ਭਾਈਚਾਰੇ ਵਿੱਚੋਂ ਆਏ ਭਗਵੰਤ ਮਾਨ ਪੰਜਾਬ ਲਈ ਵੱਡੇ ਨੇਤਾ ਸਾਬਤ ਹੋ ਸਕਦੇ ਹਨ।

## ਟੀਡੀਐਸਬੀ ਤੇ ਜੀਟੀਏ ਦੇ ਸਕੂਲ ਬੋਰਡਜ਼ ਵੱਲੋਂ ਅੱਜ ਤੋਂ ਖੋਲ੍ਹੇ ਜਾਣਗੇ ਸਕੂਲ

ਟੋਰਾਂਟੋ, 18 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ( ਟੀਡੀਐਸਬੀ ) ਤੇ ਕਈ ਹੋਰਨਾਂ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਬੁੱਧਵਾਰ ਤੋਂ ਉਹ ਇਨ ਪਰਸਨ ਕਲਾਸਾਂ ਸ਼ੁਰੂ ਕਰਨ ਜਾ ਰਹੇ ਹਨ।ਜੀਟੀਏ ਭਰ ਵਿੱਚ ਆਏ ਬਰਫੀਲੇ ਤੂਫਾਨ ਕਾਰਨ ਸਕੂਲ ਮੁੜ ਖੁੱਲ੍ਹਣ ਵਿੱਚ ਦੇਰ ਹੋ ਗਈ।



ਮਾਪਿਆਂ ਨੂੰ ਭੇਜੀ ਗਈ ਈਮੇਲ ਵਿੱਚ ਟੀਡੀਐਸਬੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬਰਫੀਲੇ ਤੂਫਾਨ ਤੋਂ 48 ਘੰਟੇ ਬਾਅਦ ਤੱਕ ਚੱਲੀ ਸਾਫ ਸਫਾਈ ਮਗਰੋਂ ਹੁਣ ਬੁੱਧਵਾਰ ਤੋਂ ਉਹ ਵਿਦਿਆਰਥੀਆਂ ਤੇ ਸਟਾਫ ਨੂੰ ਮੁੜ ਸੱਦਣ ਲਈ ਤਿਆਰ ਹਨ।ਟੀਡੀਐਸਬੀ ਨੇ ਆਖਿਆ ਕਿ ਭਾਵੇਂ ਕਈ ਥਾਂਵਾਂ ਉੱਤੇ ਅਜੇ ਵੀ ਦੇਰ ਹੋ ਸਕਦੀ ਹੈ ਪਰ ਬਹੁਤੀਆਂ ਥਾਂਵਾਂ ਉੱਤੇ ਬਰਫ ਨੂੰ ਹਟਾ ਲਏ ਜਾਣ ਕਾਰਨ ਵਿਦਿਆਰਥੀ ਤੇ ਸਟਾਫ ਨੂੰ ਕੋਈ ਦਿੱਕਤ ਨਹੀਂ ਆਵੇਗੀ।ਟੀਡੀਐਸਬੀ ਦੀ ਡਾਇਰੈਕਟਰ ਆਫ ਐਜੁਕੇਸ਼ਨ ਕੌਲੀਨ ਰਸਲ-ਰਾਅਲਿੰਨਜ਼ ਵੱਲੋਂ ਇੱਕ ਵਾਰੀ ਫਿਰ ਸਾਰਿਆਂ ਨੂੰ ਕੋਵਿਡ-19 ਸਬੰਧੀ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਨ ਲਈ ਵੀ ਹਦਾਇਤਾਂ ਦਿੱਤੀਆਂ ਗਈਆਂ।

ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (ਟੀਸੀਡੀਐਸਬੀ) ਵੱਲੋਂ ਵੀ ਬੁੱਧਵਾਰ ਤੋਂ ਇਨ ਪਰਸਨ ਕਲਾਸਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ।ਇਸ ਤੋਂ ਇਲਾਵਾ ਪੀਲ ਡਿਸਟ੍ਰਿਕਟ ਸਕੂਲ ਬੋਰਡ, ਡਫਰਿਨ ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ, ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ, ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਵੀ ਬੁੱਧਵਾਰ ਤੋਂ ਸਕੂਲ ਖੋਲ੍ਹਣ ਦਾ ਐਲਾਨ ਕੀਤਾ ਗਿਆ। ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਨੇ ਬੁੱਧਵਾਰ ਤੋਂ ਸਕੂਲ ਖੋਲ੍ਹਣ ਦਾ ਐਲਾਨ ਤਾਂ ਕੀਤਾ ਪਰ ਇਹ ਵੀ ਆਖਿਆ ਕਿ ਕਈ ਥਾਂਵਾਂ ਉੱਤੇ ਬਰਫ ਸਾਫ ਕਰਨ ਵਿੱਚ 72 ਘੰਟੇ ਦਾ ਸਮਾਂ ਵੀ ਲੱਗ ਸਕਦਾ ਹੈ, ਦਰਹਾਮ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ ਉਹ ਬੁੱਧਵਾਰ ਤੋਂ ਸਕੂਲ ਖੋਲ੍ਹਣ ਦੀ ਤਿਆਰੀ ਤਾਂ ਕਰ ਰਹੇ ਹਨ ਪਰ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ।

## ਰਿਪਬਲਿਕ ਟੀ ਵੀ ਦਾ ਸਰਵੇ: ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ ਸਭ ਤੋਂ ਵੱਡੀ ਧਿਰ ਬਣਨ ਦੇ ਸੰਕੇਤ

ਨਵੀਂ ਦਿੱਲੀ, 18 ਜਨਵਰੀ, (ਪੋਸਟ ਬਿਊਰੋ)- ਅੰਗਰੇਜ਼ੀ ਨਿਊਜ਼ ਚੈਨਲ ਰਿਪਬਲਿਕ ਟੀਵੀ ਵੱਲੋਂ ਕਰਾਏ ਸਰਵੇ ਵਿੱਚ ਵੀ ਅੱਜ ਪੰਜਾਬ ਦੀ 117 ਮੈਂਬਰੀ ਵਿਧਾਨ ਸਭਾ ਵਿੱਚ ਅਗਲੇ ਮਹੀਨੇ ਹੋ ਰਹੀਆਂ ਚੋਣਾਂ ਦੇ ਬਾਅਦ ਆਮ ਆਦਮੀ ਪਾਰਟੀ ਨੂੰ ਸਰਕਾਰ ਬਣਾਉਂਦੇ ਦਿਖਾਇਆ ਗਿਆ ਹੈ। ਇਸ ਸਰਵੇਖਣ ਵਿੱਚ ਆਮ ਆਦਮੀ ਪਾਰਟੀ ਨੂੰ 50-56 ਸੀਟਾਂ ਦਿੱਤੀਆਂ ਗਈਆਂ ਤੇ ਇਸ ਵਕਤ ਰਾਜ ਕਰਦੀ ਕਾਂਗਰਸ ਪਾਰਟੀ ਨੂੰ 42-48 ਸੀਟਾਂ ਮਿਲਣ ਦਾ ਜ਼ਿਕਰ ਹੈ। ਬਾਦਲ ਅਕਾਲੀ ਦਲ ਨੂੰ ਮਸਾਂ 13-17 ਸੀਟਾਂ ਅਤੇ ਭਾਜਪਾ ਨੂੰ 1-3 ਸੀਟਾਂ ਮਿਲਣ ਦਾ ਅੰਦਾਜ਼ਾ ਪੇਸ਼ ਕੀਤਾ ਹੈ।

'ਜਨ ਕੀ ਬਾਤ' ਅਤੇ ਇੰਡੀਆ ਨਿਊਜ਼ ਚੈਨਲ ਨੇ ਆਪਣੇ ਓਪੀਨੀਅਨ ਪੋਲ ਦੌਰਾਨ ਪੰਜਾਬਵਿੱਚ ਆਮ ਆਦਮੀ ਦੀ ਸਰਕਾਰ ਬਣਣ ਦਾ ਅਨੁਮਾਨ ਦੱਸਿਆ ਹੈ। ਇਸ ਓਪੀਨੀਅਨ ਪੋਲ ਵਿੱਚ ਕਿਹਾ ਗਿਆ ਹੈ ਕਿ ਆਮ ਆਦਮੀ ਪਾਰਟੀ ਇਸ ਰਾਜ ਵਿੱਚ ਸਭ ਤੋਂ ਵੱਡੀ ਪਾਰਟੀ ਬਣ

*** ਬਹੁ-ਸੰਮਤੀ ਦੇ ਨੇੜੇ ਜਾ ਪਹੁੰਚੀ, ਬਾਕੀ ਸਭ ਪਛੜੇ**

ਕੇ ਉਭਰੇਗੀ। ਪੋਲ ਮੁਤਾਬਕ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ 58-65 ਸੀਟਾਂ ਅਤੇ 38-39 ਫੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਦੱਸੀ ਗਈ ਹੈ।ਸਾਲ 2017 ਦੀਆਂ ਚੋਣਾਂ ਦੇ ਵਕਤ ਆਮ ਆਦਮੀ ਪਾਰਟੀ ਨੇ ਪੰਜਾਬਵਿੱਚ 20 ਸੀਟਾਂ ਜਿੱਤੀਆਂ ਸਨ।

ਇਸ ਵਾਰੀ ਪੰਜਾਬ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਨੂੰ 32 ਤੋਂ 42 ਸੀਟਾਂ ਮਿਲਣ ਦਾ ਅੰਦਾਜ਼ਾ ਤੇ ਇਸ ਦਾ ਕੁੱਲ ਵੋਟ ਸ਼ੇਅਰ ਲਗਭਗ 35 ਫੀਸਦੀ ਦੱਸਿਆਹੈ। ਪੰਜਾਬ ਦੀਆਂ ਕੁੱਲ 117 ਅਸੈਂਬਲੀ ਸੀਟਾਂ ਉੱਤੇ 20 ਫਰਵਰੀ ਨੂੰ ਇੱਕੋ ਪੜਾਅ ਵਿੱਚ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 10 ਮਾਰਚ ਨੂੰ ਹੋਵੇਗੀ। ਇਸ ਰਾਜ ਦੀਆਂ ਰਿਵਾਇਤੀ ਧਿਰਾਂ ਕਾਂਗਰਸ ਤੇ ਅਕਾਲੀ ਦਲ ਦੀ ਥਾਂ ਇਸ ਵਾਰ ਮੁਕਾਬਲਾ ਪੰਜ-ਕੋਣਾ ਹੋਣਾ ਹੈ। ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਗਠਜੋੜ, ਭਾਜਪਾ-ਪੀਐੱਲਸੀ (ਪੰਜਾਬ ਲੋਕ ਕਾਂਗਰਸ)-ਅਕਾਲੀ ਦਲ (ਸੰਯੁਕਤ) ਦਾ ਗੱਠਜੋੜ ਇਸ ਰਾਜਦੀ ਸਰਕਾਰ ਬਣਾਉਣ ਲਈ ਆਪਣੀ ਪੂਰੀ ਤਾਕਤ ਨਾਲ ਚੋਣਾਂ ਦੇ ਮੈਦਾਨ ਵਿੱਚ ਠਿੱਲ੍ਹਣਵਾਲੇ ਹਨ। ਇਸ ਦੇ ਨਾਲ ਕਿਸਾਨ ਮੋਰਚੇ ਦੀਆਂ ਵੱਡੀ ਗਿਣਤੀ ਜਥੇਬੰਦੀਆਂ ਵੀ ਇਨ੍ਹਾਂ ਚੋਣਾਂ ਦੇ ਦੌਰਾਨ ਸੰਯੁਕਤ ਸਮਾਜ ਮੋਰਚਾ ਦੇ ਰੂਪ ਵਿੱਚ ਚੋਣਾਂ ਵਿਚ ਨਿੱਤਰ ਆਈਆਂ ਹਨ।

## ਐਨ95 ਮਾਸਕਸ ਦੀ ਸੀਮਤ ਸਪਲਾਈ ਕਾਰਨ ਓਨਟਾਰੀਓ ਦੇ ਚਾਈਲਡ ਕੇਅਰ ਸੈਂਟਰਜ਼ ਪਰੇਸ਼ਾਨ

ਓਨਟਾਰੀਓ, 18 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਕਈ ਚਾਈਲਡ ਕੇਅਰ ਸੈਂਟਰਜ਼ ਵੱਲੋਂ ਇਸ ਗੱਲ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਐਨ95 ਮਾਸਕਸ ਦੀ ਸਪਲਾਈ ਕਾਫੀ ਨਹੀਂ ਹੈ। ਇਨ੍ਹਾਂ ਸੈਂਟਰਜ਼ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਉਨ੍ਹਾਂ ਨੂੰ ਹੋਰ ਸਪਲਾਈ ਕਦੋਂ ਮਿਲੇਗੀ।

ਪਿਛਲੇ ਹਫਤੇ ਪ੍ਰੋਵਿੰਸ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਓਮਾਈਕ੍ਰੋਨ ਵੇਰੀਐਂਟ ਨਾਲ ਨਜਿੱਠਣ ਲਈ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਜ਼ ਨੂੰ ਹਾਈ ਕੁਆਲਿਟੀ ਮਾਸਕਸ ਭੇਜੇ ਜਾ ਰਹੇ ਹਨ। ਸਰਕਾਰ ਦੀ ਤਰਜ਼ਮਾਨ ਨੇ ਮੰਗਲਵਾਰ ਨੂੰ ਇਹ ਵੀ ਆਖਿਆ ਕਿ ਡੇਅਕੇਅਰਜ਼ ਨੂੰ ਐਨ95 ਮਾਸਕਸ ਦੀ ਵਾਧੂ ਤੇ ਸਥਿਰ ਸਪਲਾਈ ਮੁਹੱਈਆ ਕਰਵਾਈ ਜਾਵੇਗੀ।

ਰਾਈਜ਼ਿੰਗ ਓਕਸ ਅਰਲੀ ਲਰਨਿੰਗ ਦੀ ਸੀਈਓ ਲਰੀ ਪ੍ਰੋਸਪੈਰੋ ਨੇ ਆਖਿਆ ਕਿ ਉਹ ਸਰਕਾਰ ਦੇ ਧੰਨਵਾਦੀ ਹਨ ਕਿ ਪ੍ਰੋਵਿੰਸ ਵੱਲੋਂ ਐਨ95 ਮਾਸਕਸ



ਮੁਹੱਈਆ ਕਰਵਾਏ ਗਏ ਹਨ ਪਰ ਉਨ੍ਹਾਂ ਆਖਿਆ ਕਿ ਹੁਣ ਤੱਕ ਭੇਜੇ ਗਏ ਮਾਸਕਸ ਇੱਕ ਹਫਤਾ ਜਾਂ ਦੋ ਹਫਤੇ ਹੀ ਚੱਲਣਗੇ ਤੇ ਉਨ੍ਹਾਂ ਦੇ ਸਟਾਫ ਲਈ ਉਹ ਕਾਫੀ ਨਹੀਂ ਹਨ। ਉਨ੍ਹਾਂ ਆਖਿਆ ਕਿ ਵਾਟਰਲੂ ਵਿੱਚ ਉਨ੍ਹਾਂ ਦੀ ਆਰਗੇਨਾਈਜ਼ੇਸ਼ਨ ਦੀਆਂ ਅੱਠ ਲੋਕੇਸ਼ਨਾਂ ਹਨ ਤੇ ਸਾਨੂੰ ਅਜੇ ਤੱਕ ਸਰਕਾਰ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਹੋਰ ਸਪਲਾਈ ਕਦੋਂ ਹਾਸਲ ਹੋਵੇਗੀ।

ਉਨ੍ਹਾਂ ਇਹ ਵੀ ਆਖਿਆ ਕਿ ਸੈਂਟਰਜ਼ ਦੇ ਸਟਾਫ ਨੂੰ ਆਪਣੇ ਮਾਸਕਸ ਦੀ ਦੁਬਾਰਾ ਵਰਤੋਂ ਕਰਨ ਲਈ ਉਨ੍ਹਾਂ ਨੂੰ ਸਾਫ ਕਰਨ ਤੇ ਫਿਰ ਪੇਪਰ ਬੈਗਜ਼ ਵਿੱਚ ਰੱਖਣ ਵਾਸਤੇ ਯੂਵੀ ਸੈਨੀਟਾਈਜ਼ਿੰਗ ਡਿਵਾਈਸਿਜ਼ ਦੀ ਵਰਤੋਂ ਕਰਨ ਲਈ ਵੀ ਆਖਿਆ ਗਿਆ ਹੈ।ਕ੍ਰੀਏਟਿਵ ਬਿਗਨਿੰਗਜ਼ ਚਾਈਲਡਕੇਅਰ ਸੈਂਟਰ ਦੀ ਐਗਜ਼ੈਕਟਿਵ ਡਾਇਰੈਕਟਰ ਕ੍ਰਿਸਟੀਆ ਓਕੌਨਰ ਨੇ ਆਖਿਆ ਕਿ ਉਨ੍ਹਾਂ ਦੀ ਆਰਗੇਨਾਈਜ਼ੇਸ਼ਨ ਨੂੰ 56 ਸਟਾਫ ਮੈਂਬਰਾਂ ਲਈ 240 ਮਾਸਕਸ ਹਾਸਲ ਹੋਏ ਹਨ। ਜੇ ਇੱਕ ਸਟਾਫ ਮੈਂਬਰ ਰੋਜ਼ ਇੱਕ ਮਾਸਕ ਦੀ ਵਰਤੋਂ ਕਰਦਾ ਹੈ ਤਾਂ ਇਹ ਮਾਸਕ ਚਾਰ ਦਿਨ ਹੀ ਚੱਲਣਗੇ।

ਟੋਰਾਂਟੋ ਦੇ ਬਲੌਸਮਿੰਗ ਮਾਈਂਡਜ਼ ਲਰਨਿੰਗ ਸੈਂਟਰ ਦੀ ਐਗਜ਼ੈਕਟਿਵ ਡਾਇਰੈਕਟਰ ਮੈਗੀ ਮੋਜ਼ਰ ਦੀ ਵੀ ਇਹੋ ਸ਼ਿਕਾਇਤ ਹੈ ਕਿ ਉਨ੍ਹਾਂ ਦੇ 40 ਸਟਾਫ ਮੈਂਬਰਾਂ ਲਈ 120 ਮਾਸਕ ਹੀ ਹਾਸਲ ਹੋਏ ਹਨ, ਜੋ ਸਿਰਫ ਤਿੰਨ ਦਿਨ ਚੱਲ ਸਕਦੇ ਹਨ।ਉਨ੍ਹਾਂ ਆਖਿਆ ਕਿ ਹੁਣ ਉਨ੍ਹਾਂ ਨੂੰ ਪੱਲਿਓਂ ਪੈਸੇ ਖਰਚ ਕੇ ਮਹਿੰਗੇ ਮਾਸਕ ਮੰਗਵਾਉਣੇ ਪੈ ਰਹੇ ਹਨ।












## ਅੱਜ ਨਾਮਾ

ਪਾਰਟੀ ਆਪ ਜਦ ਲੋਕਾਂ ਦੀ ਰਾਏ ਮੰਗੀ,
ਆਈ ਰਾਏ ਫਿਰ ਬੜੀ ਭਰਪੂਰ ਮੀਆਂ।
ਮਾਨ ਭਗਵੰਤ ਦੀ ਗਈ ਸੀ ਚੜ੍ਹ ਗੁੱਡੀ,
ਵਧ ਗਿਆ ਪਾਰਟੀ ਵਿੱਚ ਸਰੂਰ ਮੀਆਂ।
ਉਤਲੇ ਆਗੂਆਂ ਤੋਂ ਵਰਕਰ ਹੇਠ ਵਾਲੇ,
ਸਾਰੇ ਈ ਖੁਸ਼ੀ ਦੇ ਵਿੱਚ ਨੇ ਚੂਰ ਮੀਆਂ।
ਹਿੱਕਾਂ ਠੋਕ ਕੇ ਸਾਰੇ ਇਹ ਕਹੀ ਜਾਵਣ,
ਬਾਹਲੀ ਜਿੱਤ ਨਾ ਅਸਾਂ ਤੋਂ ਦੂਰ ਮੀਆਂ।
ਉਲਟਾ ਇਹਦਾ ਸੰਕੇਤ ਹੈ ਬਹੁਤ ਵੱਡਾ,
ਏਕਾ ਬਾਕੀ ਦੀਆਂ ਧਿਰਾਂ ਦਾ ਹੋ ਸਕਦੈ।
ਬਾਹਰੋਂ ਆਪਸ ਦਾ ਭੇੜ ਵੀ ਰਹੂ ਜਾਰੀ,
ਅੱਗੋਂ ਕੱਟਾ ਕੋਈ ਗੱਡੇ ਨਾਲ ਜੋ ਸਕਦੈ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਚੰਨੀ ਦੇ ਰਿਸ਼ਤੇਦਾਰ ਦੇ ਟਿਕਾਣਿਆਂ ਉੱਤੇ ਗੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ ਵਿੱਚ ਛਾਪੇ

ਚੰਡੀਗੜ੍ਹ, 18 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿੱਚਰੇਤ ਦੀ ਗੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ ਉੱਤੇ ਅੱਜ ਕੇਂਦਰ ਸਰਕਾਰ ਦੀ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵੱਡੀ ਕਾਰਵਾਈ ਕਰਦੇ ਹੋਏਜ਼ਿਲਾ ਲੁਧਿਆਣਾ, ਪੰਚਕੂਲਾ, ਮੋਹਾਲੀ ਸਮੇਤ ਕੁੱਲ 12 ਥਾਵਾਂ ਉੱਤੇ ਛਾਪੇਮਾਰੇ ਹਨ।



ਇਸ ਸੰਬੰਧ ਵਿੱਚ ਮਿਲੀ ਜਾਣਕਾਰੀ ਮੁਤਾਬਕ ਇਹ ਕਾਰਵਾਈ ਨਾਜਾਇਜ਼ ਮਾਈਨਿੰਗ ਕਰਨ ਵਾਲੇ ਰੇਤ ਮਾਫੀਆ ਕੁਦਰਤਦੀਪ ਸਿੰਘ ਤੇ ਕਈ ਹੋਰ ਦੋਸ਼ੀਆਂ ਖਿਲਾਫ ਕੀਤੀ ਗਈ ਹੈ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਸਿਆਸੀ ਆਗੂਆਂ ਵਿੱਚ ਗੈਰ-ਕਾਨੂੰਨੀ ਰੇਤ ਮਾਈਨਿੰਗ ਚਰਚਾ ਲਗਾਤਾਰ ਚੱਲ ਰਹੀ ਸੀ।ਪਤਾ ਲੱਗਾ ਹੈ ਕਿ ਈ ਡੀ ਨੇ ਅੱਜ ਮੰਗਲਵਾਰ ਨੂੰ ਪੰਜਾਬ ਵਿੱਚ ਗੈਰ-ਕਾਨੂੰਨੀ ਰੇਤ ਮਾਈਨਿੰਗ ਵਿੱਚ ਸ਼ਾਮਲ ਕੰਪਨੀਆਂ ਵਿਰੁੱਧ ਮਨੀ ਲਾਂਡਰਿੰਗ ਦੀ ਜਾਂਚ ਦੌਰਾਨਕਈ ਥਾਂਛਾਪੇਮਾਰੇ ਅਤੇ ਘੱਟੋ-ਘੱਟ 10-12 ਸਥਾਨਾਂ ਨੂੰ ਕੇਂਦਰੀ ਏਜੰਸੀਆਂ ਨੇ ਕਵਰ ਕੀਤਾਹੈ ਤੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਦੀ ਕਾਰਵਾਈ ਸ਼ੁਰੂ ਕੀਤੀ ਹੈ। ਸਿਆਸੀ ਸਬੰਧਾਂ ਵਾਲੇ ਕੁਝ ਲੋਕਾਂ ਨੂੰ ਵੀ ਜਾਂਚ ਹੇਠ ਲਿਆਂਦਾ ਗਿਆ ਹੈ।ਪੰਜਾਬਵਿੱਚ 20 ਫਰਵਰੀ ਨੂੰ 117 ਵਿਧਾਨ ਸਭਾ ਚੋਣਾਂ ਹੋਣੀਆਂ ਹਨ।ਇਸ ਦੌਰਾਨ ਭੁਪਿੰਦਰ ਸਿੰਘ ਹਨੀ ਨਾਂਅ ਦੇ ਰੀਅਲ ਐਸਟੇਟ ਡੀਲਰ ਦੇ ਹੋਮਲੈਂਡ ਸੋਸਾਈਟੀ ਵਾਲੇ ਘਰ ਉੱਤੇ ਈ ਡੀ ਦਾ ਛਾਪਾ ਵੱਜਾ ਹੈ। ਉਸ ਦਾ ਬਹੁਤਾ ਕੰਮ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਇੱਕ ਰਿਸ਼ਤੇਦਾਰ ਦਾ ਬੇਟਾ ਸੰਭਾਲਦਾ ਹੈ।ਅਧਿਕਾਰੀਆਂ ਮੁਤਾਬਕ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਤੇ ਸਿਆਸੀ ਸਬੰਧਾਂ ਵਾਲੇ ਕਈ ਲੋਕਾਂ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਵਿੱਚ ਮੁੱਖ ਮੰਤਰੀ ਦੇ ਰਿਸ਼ਤੇਦਾਰ ਵੀ ਸ਼ਾਮਲ ਹਨ।

ਈ ਡੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕੇਂਦਰੀ ਜਾਂਚ ਏਜੰਸੀ ਨੇ ਸ਼ੱਕੀ ਲੋਕਾਂ ਦੀ ਰਿਹਾਇਸ਼ ਤੇ ਦਫ਼ਤਰ ਦੇ ਅਹਾਤੇ ਦੀ ਤਲਾਸ਼ੀ ਲਈ ਹੈ, ਜਿਸ ਵਿੱਚ ਰੇਤ ਮਾਫ਼ੀਆ ਭੁਪਿੰਦਰ ਸਿੰਘ ਹਨੀ ਨਾਲ ਜੁੜੇ ਟਿਕਾਣੇ ਸ਼ਾਮਲ ਹਨ। ਏਜੰਸੀ ਨੇ ਸ਼ੁਰੂ ਵਿੱਚ ਇਸ ਕੇਸ ਵਿੱਚ ਕਿਸੇ ਸਿਆਸੀ ਸਬੰਧ ਨੂੰ ਜੋੜਨ ਤੋਂ ਇਨਕਾਰ ਕੀਤਾ ਅਤੇ ਛਾਪੇਖਤਮ ਹੋਣ ਤੋਂ ਬਾਅਦ ਹੋਰ ਵੇਰਵੇ ਦੇਣ ਦੀ ਗੱਲ ਕਹੀ ਸੀ।ਪਿੱਛੋਂ ਮਿਲੀ ਸੂਚਨਾਦੇ ਅਨੁਸਾਰ ਭੁਪਿੰਦਰ ਸਿੰਘ ਹਨੀ ਅਸਲ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਰਿਸ਼ਤੇਦਾਰ ਹੈ ਤੇ ਉਸ ਨੇ ਰੇਤ ਮਾਈਨਿੰਗ ਦੇ ਠੇਕੇ ਲੈਣ ਲਈ ਪੰਜਾਬ ਰੀਅਲਟਰਜ਼ ਨਾਮ ਦੀ ਫਰਮ ਸ਼ੁਰੂ ਕੀਤੀ ਸੀ।ਈ ਡੀ ਨੂੰ ਸ਼ੱਕ ਹੈ ਕਿ ਰੇਤ ਦੀ ਖਾਣ ਦੇ ਠੇਕੇ ਲੈਣ ਲਈ ਕਾਲਾ ਧਨ ਲਾਇਆ ਗਿਆ ਸੀ।

ਕਾਂਗਰਸ ਲਈ ਮਜ਼ਬੂਤ ਚੁਣੌਤੀ ਬਣ ਕੇ ਉੱਭਰੀ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਅੱਜ ਵਾਲੇ ਈ ਡੀ ਦੇ ਛਾਪੇ ਤੋਂ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ ਆਪਣੇ ਹਲਕੇ ਵਿੱਚ ਰੇਤ ਦੀ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ਲਾਏ ਹਨ। ਦਿੱਲੀ ਦੇ ਮੁਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਉਨ੍ਹਾਂ ਦੇ ਰਿਸ਼ਤੇਦਾਰ ਰੇਤ ਦੀ ਗੈਰ-ਕਾਨੂੰਨੀ ਮਾਈਨਿੰਗ ਕਰਦੇ ਹਨ, ਜਿਸ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਛਾਪੇ ਮਾਰੇ ਹਨ।ਬੀਤੇਸਤੰਬਰ ਵਿੱਚਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਕੇਕਾਂਗਰਸ ਪਾਰਟੀ ਛੱਡ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਦੇ ਸਾਰੇ ਵਿਧਾਇਕ ਰੇਤ ਦੇ ਗ਼ੈਰ-ਕਾਨੂੰਨੀ ਧੰਦੇ ਵਿੱਚ ਸ਼ਾਮਲ ਹਨ। ਪਿਛਲੇ ਮਹੀਨੇ ਉਨ੍ਹਾਂ ਨੇ ਕਿਹਾ ਸੀ, ‘ਜੇ ਮੈਂ ਨਾਂ ਦੱਸਣਾ ਸ਼ੁਰੂ ਕਰਾਂ ਤਾਂ ਮੈਨੂੰ ਸਿਖਰ ਤੋਂ ਸ਼ੁਰੂ ਕਰਨਾ ਪਵੇਗਾ।’

## ਚੰਨੀ ਨੇ ਚੋਣਾਂ ਦੇ ਮੌਸਮ ਵਿੱਚ ਈ ਡੀ ਦੇ ਛਾਪੇ ਨੂੰ ਦਬਾਅ ਬਣਾਉਣ ਦੀ ਕਾਰਵਾਈ ਕਿਹਾ



ਚੰਡੀਗੜ੍ਹ, 18 ਜਨਵਰੀ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਮਨੀ ਲਾਂਡਰਿੰਗ ਦੇ ਦੋਸ਼ ਹੇਠ ਅੱਜ ਮੰਗਲਵਾਰ ਨੂੰ ਪੰਜਾਬ ਵਿੱਚ ਕਈ ਥਾਂ ਛਾਪੇਮਾਰਨ ਤੋਂ ਕੁਝ ਘੰਟੇ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਚੋਣਾਂ ਦਾ ਦਿਨ ਨੇੜੇ ਆਉਣ ਉੱਤੇ ਉਨ੍ਹਾਂ ਅਤੇ ਉਨ੍ਹਾਂ ਦੇ ਮੰਤਰੀਆਂਨੂੰ ਡਰਾਉਣ ਅਤੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਹ ਉਹੋ ਕੁਝ ਹੈ, ਜੋ ਪਹਿਲਾਂ ਪੱਛਮੀ ਬੰਗਾਲ ਵਿੱਚ ਹੋ ਚੁੱਕਾ ਸੀ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੇਦੌਰਾਨ ਦੋਸ਼ ਲਾਇਆ ਕਿ ਹਰ ਕਿਸਮ ਦਾ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, ‘ਜਦੋਂ ਪੱਛਮੀ ਬੰਗਾਲ ਵਿੱਚ ਚੋਣਾਂ ਸਨ, ਮਮਤਾ ਬੈਨਰਜੀ ਦੇ ਰਿਸ਼ਤੇਦਾਰਾਂ ਉੱਤੇ ਛਾਪੇ ਪਏ ਅਤੇ ਪੰਜਾਬ ਵਿੱਚਇਹੋ ਈ ਡੀ ਦਬਾਅ ਪਾਉਣ ਅਤੇ ਮੁਸੀਬਤ ਦੇਣ ਦੀ ਕੋਸ਼ਿਸ਼ਕਰ ਰਹੀ ਹੈ।’ ਚੰਨੀ ਨੇ ਕਿਹਾ ਕਿ ਸਿਰਫ਼ ਮੰਤਰੀ ਅਤੇਮੁੱਖ ਮੰਤਰੀ ਨਹੀਂ, ਹਰ ਕਾਂਗਰਸੀ ਵਰਕਰ ਉੱਤੇ ਦਬਾਅ ਬਣਾਇਆ ਜਾ ਰਿਹਾ ਹੈ।ਉਨ੍ਹਾ ਨੇ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਾਰੇ ਕਿਹਾ ਕਿ‘ਇਹ ਮਾਹੌਲ ਲੋਕਤੰਤਰ ਲਈ ਚੰਗਾ ਨਹੀਂ। ਜਦੋਂ ਚੋਣਾਂ ਨੇੜੇ ਹਨ, ਉਨ੍ਹਾਂ ਨੇ ਈ ਡੀ ਦੇ ਛਾਪੇ ਮਰਵਾਏ ਹਨ, ਪਰ ਅਸੀਂ ਸਾਰੇ ਦਬਾਅ, ਸਭ ਮੁਸੀਬਤਾਂ ਝੱਲਣ ਲਈ ਤਿਆਰ ਹਾਂ, ਜੋ ਉਹ ਦਿੰਦੇ ਹਨ। ਅਸੀਂ ਆਪਣੀ ਚੋਣ ਮੁਹਿੰਮ ਜਾਰੀ ਰੱਖਾਂਗੇ ਤੇ ਉਹ ਸਫਲ ਨਹੀਂ ਹੋਣਗੇ।’

ਜਾਣਕਾਰ ਸੂਤਰਾਂ ਦੇ ਮੁਤਾਬਕਈ ਡੀ ਨੇ ਪੰਜਾਬਵਿੱਚ ਰੇਤ ਦੀ ਗੈਰ-ਕਾਨੂੰਨੀ ਮਾਈਨਿੰਗ ਵਿੱਚਸ਼ਾਮਲ ਹੋਣ ਦੇ ਦੋਸ਼ ਵਿੱਚ ਕੁਝ ਕੰਪਨੀਆਂ ਅਤੇ ਲੋਕਾਂ ਵਿਰੁੱਧ ਪੰਜਾਬ ਪੁਲਿਸ ਦੀ 2018 ਦੇ ਕੇਸ ਦਾ ਨੋਟਿਸ ਲੈਣ ਪਿੱਛੋਂ ਕਾਰਵਾਈ ਸ਼ੁਰੂ ਕੀਤੀ ਹੈ। ਇਸ ਬਾਰੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ, ‘2018 ਵਿੱਚ ਮੈਂ ਮੁੱਖ ਮੰਤਰੀ ਨਹੀਂ ਸੀ।ਜਿੰਦਾਂਤੁਸੀਂ ਕਹਿ ਰਹੇ ਹੋ ਕਿ ਇਹ 2018 ਦੀ ਸ਼ਿਕਾਇਤ ਉੱਤੇ ਅਧਾਰਤ ਹੈ, ਮੇਰਾ ਇਸ ਨਾਲ ਕੀ ਸਬੰਧ ਹੈ, ਓਦੋਂ ਮੈਂ ਮੁੱਖ ਮੰਤਰੀ ਨਹੀਂ ਸੀ, ਪਰ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੇ ਮੈਨੂੰ ਤੇ ਮੇਰੇ ਮੰਤਰੀਆਂ ਨੂੰ ਨਿਸ਼ਾਨਾ ਬਣਾਉਣਾ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਨੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਕਦੇ ਦਬਾਅ ਵਿੱਚ ਨਹੀਂ ਆਉਂਦੇ ਹੁੰਦੇ।’

## ਜਾਅਲੀ ਤਰੱਕੀਆਂ ਦਾ ਮਾਮਲਾ: ਪੰਜਾਬ ਦੇ ਡੀ ਜੀ ਪੀ ਦਫ਼ਤਰ ਦੇ ਜਾਅਲੀ ਲੈਟਰ ਟਾਈਪ ਕਰਨ ਵਾਲੇ ਤਿੰਨ ਕਲਰਕ ਗ੍ਰਿਫ਼ਤਾਰ

* ਲੈਪਟਾਪ, ਪ੍ਰਿੰਟਰ ਤੇ ਹੋਰ ਦਸਤਾਵੇਜ਼ ਫੜੇ ਗਏ

ਚੰਡੀਗੜ੍ਹ, 18 ਜਨਵਰੀ, (ਪੋਸਟ ਬਿਊਰੋ)- ਪੰਜਾਬ ਪੁਲਿਸ ਵਿੱਚਜਾਅਲੀਤਰੱਕੀਆਂ ਦੇ ਆਰਡਰ ਜਾਰੀ ਹੋਣ ਦੇ ਕੇਸ ਦੀ ਜਾਂਚ ਦੇਦੌਰਾਨ ਅੱਜ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਫ਼ਤਰ ਵਿਚਲੇ ਤਿੰਨ ਕਲਰਕਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੀ ਪਛਾਣ ਮਨੀ ਕਟੋਚ, ਸੰਦੀਪ ਕੁਮਾਰ ਤੇ ਬਹਾਦੁਰ ਵਜੋਂ ਹੋਈ ਹੈ।ਇਨ੍ਹਾਂ ਤਿੰਨ ਕਲਰਕਾਂ ਦੀ ਭੂਮਿਕਾ ਜਾਅਲੀਤਰੱਕੀਆਂ ਦੇ ਆਰਡਰ ਟਾਈਪ ਕਰਨ ਤੋਂ ਬਾਅਦ ਪ੍ਰਿੰਟ ਕੱਢ ਕੇ ਅੱਗੇ ਅਫਸਰ ਤਕ ਪੁਚਾਉਣ ਦੀ ਸੀ। ਪੁਲਿਸ ਦੀ ਜਾਂਚ ਟੀਮ ਨੇ ਲੈਪਟਾਪ, ਪ੍ਰਿੰਟਰ ਅਤੇ ਕੁਝ ਦਸਤਾਵੇਜ਼ ਵੀ ਜ਼ਬਤ ਕੀਤੇ ਹਨ। ਚੰਡੀਗੜ੍ਹ ਪੁਲਿਸ ਦੇ ਸੂਤਰਾਂ ਨੇ ਦੱਸਿਆ ਕਿ ਇਸ ਕੇਸ ਵਿੱਚ ਇਕ ਏ ਐੱਸ ਆਈ ਹਰਵਿੰਦਰ ਸਿੰਘ ਅਤੇ ਇਕ ਇੰਸਪੈਕਟਰ ਦੀ ਗ੍ਰਿਫ਼ਤਾਰੀ ਵੀਹੋ ਸਕਦੀ ਹੈ। ਪੁਲਿਸ ਦੀ ਜਾਂਚ ਵਿੱਚਪਤਾ ਲੱਗਾ ਕਿ ਮੋਹਾਲੀ ਵਿੱਚ ਤਾਇਨਾਤ ਏ ਐੱਸ ਆਈ ਹਰਵਿੰਦਰ ਸਿੰਘ ਦੇ ਕਹਿਣ ਉੱਤੇਡੀ ਜੀ ਪੀ ਦਫ਼ਤਰਦੇ ਇਨ੍ਹਾਂ ਕਲਰਕਾਂ ਨੇ ਜਾਅਲੀਤਰੱਕੀ ਦੇ ਹੁਕਮ ਟਾਈਪ ਕੀਤੇ ਸਨ ਅਤੇ ਇਸ ਵੇਲੇ ਉਹ ਏ ਐੱਸ ਆਈ ਫ਼ਰਾਰ ਹੈ।ਉਸ ਨੇ ਆਰਡਰ ਏ ਐੱਸ ਆਈ ਹਰਵਿੰਦਰ ਸਿੰਘ ਨੂੰ ਦਿੱਤੇ ਤੇ ਉਸ ਨੇ ਇੱਕ ਇੰਸਪੈਕਟਰ ਨੂੰ ਦਿੱਤੇ ਸਨ। ਇਸ ਇੰਸਪੈਕਟਰ ਦਾ ਪਤਾ ਪੁਲਿਸ ਨੇ ਕਰ ਲਿਆ ਹੈ।ਤਰੱਕੀ ਦੇ ਹੁਕਮਾਂ ਉੱਤੇਓਦੋਂ ਵਾਲੇਡੀ ਜੀ ਪੀ ਸਿਧਾਰਥ ਚਟੋਪਾਧਿਆਏ ਦੇ ਜਾਅਲੀਦਸਤਖ਼ਤ ਸਨ। ਪੁਲਿਸ ਇਸ ਕੇਸ ਦੇ ਮੁੱਖ ਦੋਸ਼ੀ ਤਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ।ਆਸ ਹੈ ਕਿ ਜਲਦੀ ਇਸ ਕੇਸ ਨਾਲ ਜੁੜੇ ਇਕ ਵੱਡੇ ਅਫਸਰ ਦਾ ਨਾਂ ਆ ਸਕਦਾ ਹੈ। ਜਿਨ੍ਹਾਂ 11 ਪੁਲਿਸ ਮੁਲਾਜ਼ਮਾਂ ਦੇ ਨਾਂ ਤਰੱਕੀ ਦੇ ਹੁਕਮ ਵਿੱਚ ਸਨ, ਉਨ੍ਹਾਂ ਵਿੱਚੋਂ ਚਾਰ ਨੂੰ ਲੋਕਲ ਰੈਂਕ ਸਬ ਇੰਸਪੈਕਟਰ ਤੇ ਚਾਰਏ ਐੱਸ ਆਈ ਬਣਾਏ ਗਏ ਸਨ। ਨਿਯਮਾਂਮੁਤਾਬਕ ਲੋਕਲ ਰੈਂਕ ਵਿੱਚ ਮੁਲਾਜ਼ਮਦੇ ਮੋਢੇ ਉੱਤੇ ਸਟਾਰ ਲੱਗ ਜਾਂਦੇ ਅਤੇ ਤਨਖ਼ਾਹ ਭੱਤੇ ਸਮੇਤ ਦੂਸਰੇ ਲਾਭ ਉਹੀ ਰਹਿੰਦੇ ਹਨ, ਪਰ ਇਨ੍ਹਾਂ ਵਿੱਚੋਂ ਕਿਸੇ ਨੂੰ ਤਰੱਕੀ ਨਹੀਂ ਮਿਲੀ ਸੀ।

# ਪੰਜਾਬ ਵਿਧਾਨ ਸਭਾ ਚੋਣਾਂ: ਚੋਣ ਕਮਿਸ਼ਨ ਨੇ ਪੰਜਾਬ ਦੇ 7 ਆਈ ਜੀ ਸਮੇਤ 10 ਸੀਨੀਅਰ ਪੁਲਿਸ ਬਦਲ ਦਿੱਤੇ

* ਕੁਝ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ ਵੀ ਬਦਲੇ ਗਏ

ਚੰਡੀਗੜ੍ਹ, 18 ਜਨਵਰੀ, (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਅਗਲੀਆਂ ਅਸੈਂਬਲੀ ਚੋਣਾਂ ਦਾ ਧਿਆਨ ਕਰ ਕੇਅੱਜ ਮੰਗਲਵਾਰ ਪੰਜਾਬ ਪੁਲਸ ਦੇ 7 ਇੰਸਪੈਕਟਰ ਜਨਰਲ (ਆਈ ਜੀ ਪੀ) ਅਤੇ ਤਿੰਨ ਹੋਰ ਸੀਨੀਅਰ ਅਫਸਰਾਂ ਦੇ ਤਬਾਦਲੇ ਕੀਤੇ ਅਤੇ ਕੁਝ ਡਿਪਟੀ ਕਮਿਸ਼ਨਰ ਵੀ ਬਦਲ ਦਿੱਤੇ ਹਨ।

ਇਸ ਬਾਰੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀਈਓ) ਡਾ: ਐੱਸ ਕਰੁਣਾ ਰਾਜੂ ਨੇ ਦੱਸਿਆ ਕਿ ਚੋਣ ਕਮਿਸ਼ਨ ਨੇ ਗੁਰਿੰਦਰ ਸਿੰਘ ਢਿੱਲੋਂ, ਜਸਕਰਨ ਸਿੰਘ ਅਤੇ ਮੁਖਵਿੰਦਰ ਸਿੰਘ ਛੀਨਾ (ਤਿੰਨੇਆਈ ਜੀ)ਦੀ ਬਦਲੀ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਕਰ ਦਿੱਤੀ ਤੇ ਅਰੁਣ ਪਾਲ ਸਿੰਘ ਨੂੰ ਆਈ ਜੀ ਜਲੰਧਰ ਰੇਂਜ, ਸ਼ਿਵ ਕੁਮਾਰ ਵਰਮਾ ਨੂੰ ਆਈ ਜੀ ਬਠਿੰਡਾ, ਰਾਕੇਸ਼ ਅਗਰਵਾਲ ਨੂੰ ਆਈ ਜੀ ਪਟਿਆਲਾ ਅਤੇ ਪ੍ਰਦੀਪ ਕੁਮਾਰ ਯਾਦਵ ਨੂੰ ਆਈ ਜੀ ਫਰੀਦਕੋਟ ਲਾਇਆ ਹੈ। ਸੁਰਜੀਤ ਸਿੰਘ ਨੂੰ ਡੀਆਈ ਜੀ ਵਿਜੀਲੈਂਸ ਅਤੇ ਕੁਲਜੀਤ ਸਿੰਘ ਨੂੰ ਏਆਈਜੀ ਬਿਊਰੋ ਆਫ ਇਨਵੈਸਟੀਗੇਸ਼ਨ ਲਾਇਆ ਅਤੇ ਪੰਜਾਬ ਦੇ ਡੀਐੱਸਪੀ ਰੈਂਕ ਵਾਲੇ 19 ਪੁਲਸ ਅਧਿਕਾਰੀਆਂ ਦੇ ਤਬਾਦਲੇ ਵੀ ਕਰ ਦਿੱਤੇ ਹਨ।

ਇਹੀ ਨਹੀਂ, ਅੱਜ ਚੋਣ ਕਮਿਸ਼ਨ ਨੇ ਦੋ ਡਿਪਟੀ ਕਮਿਸ਼ਨਰਾਂ ਅਤੇ ਅੱਠ ਐੱਸ ਐੱਸ ਪੀਜ਼ ਵੀ ਬਦਲ ਦਿੱਤੇ ਹਨ। ਇਸ ਵਿੱਚਮੁੱਖ ਚੋਣ ਅਫਸਰ ਡਾ. ਕਰੁਣਾ ਰਾਜੂਦੇ ਦੱਸਣ ਮੁਤਾਬਕ ਆਈਏਐੱਸ ਅਧਿਕਾਰੀ ਗਿਰੀਸ਼ ਦਿਆਲਨ ਨੂੰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਤੇ ਵਿਨੀਤ ਕੁਮਾਰ ਨੂੰ ਡਿਪਟੀ ਕਮਿਸ਼ਨਰ ਬਠਿੰਡਾ ਨਿਯੁਕਤ ਕੀਤਾ ਹੈ। ਆਈਪੀ ਐੱਸ ਅਫਸਰ ਹਰਜੀਤ ਸਿੰਘ ਨੂੰ ਐੱਸ ਐੱਸ ਪੀ ਮੋਹਾਲੀ, ਧਰੁਮਨ ਐਚ ਨਿੰਬਲੇ ਨੂੰ ਐੱਸ ਐੱਸ ਪੀਹੁਸ਼ਿਆਰਪੁਰ, ਪਾਟਿਲ ਕੇਤਨ ਬਲੀਰਾਮ ਨੂੰ ਐੱਸ ਐੱਸ ਪੀਲੁਧਿਆਣਾ ਰੂਰਲ, ਦੀਪਕ ਹਿਲੋਰੀ ਨੂੰ ਐੱਸ ਐੱਸ ਪੀਅੰਮ੍ਰਿਤਸਰ ਰੂਰਲ, ਗੁਲਨੀਤ ਸਿੰਘ ਖੁਰਾਣਾ ਨੂੰ ਐੱਸ ਐੱਸ ਪੀਤਰਨ ਤਾਰਨ, ਅਮਨੀਤ ਕੋਂਡਲ ਨੂੰ ਐੱਸ ਐੱਸ ਪੀਬਠਿੰਡਾ, ਸੰਦੀਪ ਕੁਮਾਰ ਮਲਿਕ ਨੂੰ ਐੱਸ ਐੱਸ ਪੀਮੁਕਤਸਰ ਸਾਹਿਬ ਤੇ ਸਰਤਾਜ ਸਿੰਘ ਚਾਹਲ ਨੂੰ ਐੱਸ ਐੱਸ ਪੀਸ੍ਰੀ ਫ਼ਤਿਹਗੜ੍ਹ ਸਾਹਿਬ ਲਾਇਆ ਗਿਆ ਹੈ। ਚੋਣ ਕਮਿਸ਼ਨ ਵੱਲੋਂ ਬਦਲੇ ਗਏ ਐੱਸ ਐੱਸ ਪੀਜ਼ ਵਿੱਚ ਛੇ ਜਣੇ ਪੰਜਾਬ ਪੁਲਸ ਕਾਡਰ ਵਾਲੇ ਅਤੇ ਨਵੇਂ ਲਾਏ ਗਏ ਸਾਰੇ ਜ਼ਿਲ੍ਹਾ ਪੁਲਿਸ ਮੁਖੀ ਆਈਪੀਐੱਸ (ਇੰਡੀਅਨ ਪੁਲਸ ਸਰਵਿਸ) ਕਾਡਰ ਵਾਲੇ ਹਨ।






## ਭਾਰਤ ਦੀ ਸਮੁੰਦਰੀ ਫੌਜ ਦੀ ਬੰਦਰਗਾਹ ਆਈ ਐੱਸ ਰਣਵੀਰ ਵਿੱਚ ਧਮਾਕਾ, ਤਿੰਨ ਮੌਤਾਂ, ਕਈ ਜ਼ਖਮੀ

ਮੁੰਬਈ, 18 ਜਨਵਰੀ, (ਪੋਸਟ ਬਿਊਰੋ)- ਮੁੰਬਈ ਦੇ ਨੇਵਲ ਡਾਕਯਾਰਡ ਵਿੱਚਅੱਜ ਮੰਗਲਵਾਰ ਭਾਰਤ ਦੀ ਸਮੁੰਦਰੀ ਫੌਜ ਦੀ ਬੰਦਰਗਾਹ ਆਈ ਐੱਨ ਐੱਸ ਰਣਵੀਰ ਦੇ ਅੰਦਰੂਨੀ ਡੱਬੇ ਵਿੱਚ ਧਮਾਕਾ ਹੋਣ ਨਾਲ ਤਿੰਨ ਜਣਿਆਂ ਦੀ ਮੌਤ ਹੋ ਗਈਤੇ 10 ਜਵਾਨ ਜ਼ਖ਼ਮੀ ਦੱਸੇ ਗਏ ਹਨ। ਜਹਾਜ਼ ਦੇ ਅਮਲੇ ਨੇ ਸਥਿਤੀ ਉੱਤੇ ਕਾਬੂ ਪਾ ਲਿਆ ਹੈ।

ਇਸ ਬਾਰੇ ਭਾਰਤੀ ਸਮੁੰਦਰੀ ਫੌਜ(ਨੇਵੀ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿਏਥੇ ਨੇਵੀ ਦੇ ਹਸਪਤਾਲ ਵਿੱਚਜ਼ਖਮੀ ਜਵਾਨਾਂ ਦਾ ਇਲਾਜ ਹੋ ਰਿਹਾ ਹੈ।ਆਈ ਐੱਨ ਐੱਸ ਰਣਵੀਰ ਭਾਰਤੀ ਨੇਵੀਦੀ ਬੰਦਰਗਾਹ ਹੈ ਤੇਇਹ ਨਵੰਬਰ 2021 ਤੋਂ ਈਸਟਰਨ ਨੇਵਲ ਕਮਾਂਡ ਤੋਂ ਕਰਾਸ ਕੋਸਟ ਆਪ੍ਰੇਸ਼ਨਲ ਤੈਨਾਤੀ ਉੱਤੇ ਸੀ ਅਤੇ ਜਲਦੀ ਹੀ ਬੇਸ ਪੋਰਟ ਉੱਤੇ ਵਾਪਸ ਆਉਣਾ ਸੀ।ਇਸ ਘਟਨਾ ਬਾਰੇ ਬੋਰਡ ਆਫ ਇਨਕੁਆਇਰੀ ਨੂੰ ਜਾਂਚ ਦੇ ਹੁਕਮ ਦਿੱਤੇ ਗਏ ਹਨ। ਦੱਸਿਆਗਿਆ ਹੈ ਕਿ ਧਮਾਕੇਦੇ ਕਾਰਨ ਜ਼ਖਮੀ ਹੋਏ ਤਿੰਨ ਜਵਾਨਾਂ ਨੂੰ ਹਸਪਤਾਲ ਵਿੱਚ ਮ੍ਰਿਤਕ ਐਲਾਨ ਕੀਤਾ ਗਿਆ ਹੈ।ਆਈ ਐੱਨ ਐੱਸ ਰਣਵੀਰ ਵਿੱਚ ਇਹ ਵੱਡੀ ਘਟਨਾ ਹੈ, ਪਰ ਇਸ ਨਾਲਵੱਡੇ ਮਾਲੀ ਨੁਕਸਾਨ ਦੀ ਸੂਚਨਾ ਨਹੀਂ। ਪਹਿਲੀ ਨਜ਼ਰੇ ਇਹ ਧਮਾਕਾ ਕਿਸੇ ਵੀ ਹਥਿਆਰ ਜਾਂ ਗੋਲਾ ਬਾਰੂਦ ਦੇ ਕਿਸੇ ਤੋੜ-ਭੰਨ ਜਾਂ ਖਰਾਬੀ ਨਾਲ ਸਬੰਧਤ ਨਹੀਂ ਅਤੇ ਧਮਾਕੇ ਦਾ ਕਾਰਨ ਮਸ਼ੀਨਰੀ ਦੀ ਖਰਾਬੀ ਹੋ ਸਕਦੀ ਹੈ।













ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# 2022 ਜਲਵਾਯੂ ਤਬਦੀਲੀ ਨੂੰ ਰੋਕਣ ਲਈ ਇੱਕ ਮਹੱਤਵਪੂਰਨ ਸਾਲ ਕਿਉਂ ਹੈ?

2022 ਵਿੱਚ, ਚਿੰਤਾ ਦੇ ਦੋ ਮੁੱਖ ਸਰੋਤ ਕੋਵਿਡ -19 ਮਹਾਂਮਾਰੀ ਅਤੇ ਜਲਵਾਯੂ ਸੰਕਟ ਬਣੇ ਹੋਏ ਹਨ। ਭਾਰਤ ਅਤੇ ਦੁਨੀਆ ਭਰ ਵਿੱਚ ਕੋਵਿਡ-19 ਸੰਕਰਮਣ ਦਾ ਤਾਜ਼ਾ ਵਾਧਾ ਇਸ ਗੱਲ ਦਾ ਸਬੂਤ ਹੈ, ਜੇਕਰ ਕਿਸੇ ਦੀ ਲੋੜ ਸੀ, ਤਾਂ ਮਹਾਂਮਾਰੀ ਜਲਦਬਾਜ਼ੀ ਵਿੱਚ ਦੂਰ ਨਹੀਂ ਹੋਵੇਗੀ। ਸਭ ਤੋਂ ਵਧੀਆ, ਅਸੀਂ ਉਮੀਦ ਕਰ ਸਕਦੇ ਹਾਂ ਕਿ ਟੀਕਾਕਰਨ ਦੀ ਵੱਧ ਮਾਤਰਾ ਨਾਲ, ਵਾਇਰਸ ਦਾ ਹਰੇਕ ਨਵਾਂ ਰੂਪ ਪਿਛਲੇ ਨਾਲੋਂ ਹਲਕਾ ਹੋਵੇਗਾ, ਅਤੇ ਇਹ ਕਿ, ਕੁਝ ਸਾਲਾਂ ਵਿੱਚ, ਆਮ ਜ਼ੁਕਾਮ ਵਰਗਾ ਹੋ ਜਾਵੇਗਾ।

ਦੂਜੇ ਪਾਸੇ, ਜਲਵਾਯੂ ਸੰਕਟ ਦੀ ਸਮੱਸਿਆ, 2022 ਵਿੱਚ ਸਿਰਫ ਵਿਗੜ ਜਾਵੇਗੀ, ਕਿਉਂਕਿ ਗ੍ਰੀਨਹਾਉਸ ਗੈਸ () ਦੇ ਨਿਕਾਸ ਵਿੱਚ ਕਮੀ ਦੀ ਬਜਾਏ ਵਾਧਾ ਹੋਵੇਗਾ। ਇਹ ਸਾਲ ਦੁਨੀਆ ਭਰ ਦੇ ਦੇਸ਼ਾਂ ਨੂੰ ਨਿਕਾਸ ਨੂੰ ਘਟਾਉਣ ਲਈ ਅਰਥਪੂਰਨ ਢੰਗ ਨਾਲ ਅੱਗੇ ਵਧਣ ਦਾ ਇੱਕ ਹੋਰ ਮੌਕਾ ਪ੍ਰਦਾਨ ਕਰੇਗਾ। ਅਤੇ ਇਸ ਸਾਲ ਅਭਿਲਾਸ਼ਾ ਦੀ ਕੋਈ ਕਮੀ ਗਲੋਬਲ ਹੀਟਿੰਗ ਨੂੰ ਵਿਨਾਸ਼ਕਾਰੀ ਪੱਧਰਾਂ ਤੋਂ ਹੇਠਾਂ ਰੱਖਣ ਦੇ ਕੰਮ ਨੂੰ ਬਹੁਤ ਔਖਾ ਬਣਾ ਦੇਵੇਗੀ।

ਹਮੇਸ਼ਾ ਵਾਂਗ, ਜਲਵਾਯੂ ਵਿਗਿਆਨ ਇਸ ਸਾਲ ਸਮੇਂ ਸਿਰ ਰੀਮਾਈਂਡਰ ਪ੍ਰਦਾਨ ਕਰੇਗਾ ਕਿ ਕੀ ਦਾਅ 'ਤੇ ਹੈ। ਸ਼ਾਇਦ ਇਹਨਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਫਰਵਰੀ ਵਿੱਚ ਬਾਹਰ ਹੋਵੇਗਾ. ਸੰਯੁਕਤ ਰਾਸ਼ਟਰ ਦੀ ਜਲਵਾਯੂ ਵਿਗਿਆਨ ਸੰਸਥਾ, ਜਲਵਾਯੂ ਤਬਦੀਲੀ ਬਾਰੇ ਅੰਤਰ-ਸਰਕਾਰੀ ਪੈਨਲ () ਅਗਲੇ ਮਹੀਨੇ ਤਿੰਨ ਰਿਪੋਰਟਾਂ ਵਿੱਚੋਂ ਪਹਿਲੀ ਜਾਰੀ ਕਰੇਗੀ; ਇਹ ਇਸ ਹੱਦ ਤੱਕ ਹੈ ਕਿ ਜਲਵਾਯੂ ਤਬਦੀਲੀ ਲੋਕਾਂ ਅਤੇ ਵਾਤਾਵਰਣ ਪ੍ਰਣਾਲੀਆਂ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ। ਇਹ ਰਿਪੋਰਟ, ਪਿਛਲੇ ਸਾਲ ਜਾਰੀ ਕੀਤੇ ਗਏ ਇਤਿਹਾਸਕ ਅਧਿਐਨ ਦੇ ਨਾਲ, ਜਿਸ ਹੱਦ ਤੱਕ ਮਾਨਵ-ਜਨਕ ਨਿਕਾਸ ਜਲਵਾਯੂ ਪਰਿਵਰਤਨ ਦਾ ਕਾਰਨ ਬਣ ਰਹੇ ਹਨ, ਸਾਨੂੰ ਇਸ ਗੱਲ ਦੀ ਸਭ ਤੋਂ ਪੂਰੀ ਤਸਵੀਰ ਪ੍ਰਦਾਨ ਕਰੇਗੀ ਕਿ ਗ੍ਰਹਿ ਜਲਵਾਯੂ ਅਰਾਜਕਤਾ ਵੱਲ ਧਿਆਨ ਦੇ ਰਿਹਾ ਹੈ।

ਰਿਪੋਰਟਾਂ ਵਧੇਰੇ ਮਹੱਤਵਪੂਰਨ ਸਮੇਂ 'ਤੇ ਨਹੀਂ ਆ ਸਕਦੀਆਂ ਸਨ। ਜਿਵੇਂ ਕਿ ਯੂਕੇ-ਅਧਾਰਤ ਗੈਰ-ਲਾਭਕਾਰੀ ਕ੍ਰਿਸ਼ਚੀਅਨ ਏਡ ਦੁਆਰਾ ਦਸੰਬਰ 2021 ਦੇ ਅਧਿਐਨ ਨੇ ਦਿਖਾਇਆ, ਪਿਛਲੇ ਸਾਲ ਘੱਟੋ-ਘੱਟ



10 ਜਲਵਾਯੂ ਆਫ਼ਤਾਂ ਦੇ ਨਤੀਜੇ ਵਜੋਂ ਹਰੇਕ ਨੂੰ ਘੱਟੋ-ਘੱਟ $1.5 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ। ਵਾਸਤਵ ਵਿੱਚ, ਤੂਕਟਾਏ (ਮਈ, ਅਰਬ ਸਾਗਰ) ਅਤੇ ਯਾਸ (ਮਈ, ਬੰਗਾਲ ਦੀ ਖਾੜੀ) ਨੇ ਕ੍ਰਮਵਾਰ $ 1.5 ਬਿਲੀਅਨ ਅਤੇ $ 3 ਬਿਲੀਅਨ ਦਾ ਨੁਕਸਾਨ ਕੀਤਾ ਹੈ। ਇਹ ਉਸ ਕਿਸਮ ਦੀਆਂ ਅਤਿਅੰਤ ਮੌਸਮੀ ਘਟਨਾਵਾਂ ਦਾ ਇੱਕ ਸਨੈਪਸ਼ਾਟ ਦਿੰਦਾ ਹੈ ਜੋ ਸਲਾਨਾ ਖ਼ਤਰੇ ਬਣ ਰਹੇ ਹਨ, ਅਤੇ ਇਹ ਤੱਥ ਕਿ ਭਾਰਤ ਵਰਗੇ ਬਹੁਤ ਹੀ ਕਮਜ਼ੋਰ ਦੇਸ਼ਾਂ ਵਿੱਚ ਲੋਕ ਪਹਿਲਾਂ ਹੀ ਮਾਰ ਝੱਲ ਰਹੇ ਹਨ।

ਫਰਵਰੀ ਦੀ ਰਿਪੋਰਟ ਲੋੜੀਂਦੇ ਅਨੁਕੂਲਨ ਉਪਾਵਾਂ 'ਤੇ ਵੀ ਧਿਆਨ ਕੇਂਦਰਤ ਕਰੇਗੀ, ਅਤੇ ਇਹ ਇਕੁਇਟੀ ਅਤੇ ਨਿਰਪੱਖਤਾ ਦੀਆਂ ਧਾਰਨਾਵਾਂ 'ਤੇ ਅਧਾਰਤ ਹੈ। ਪਿਛਲੇ ਸਾਲ ਨਵੰਬਰ ਵਿੱਚ 26 ਜਲਵਾਯੂ ਸੰਮੇਲਨ ਵਿੱਚ, ਅੰਤਰਰਾਸ਼ਟਰੀ ਸੰਮੇਲਨ ਦੇ ਅੰਤਮ ਪਾਠ ਵਿੱਚ ਵਿਕਸਤ ਦੇਸ਼ਾਂ ਨੂੰ 2025 ਤੱਕ ਵਿਕਾਸਸ਼ੀਲ ਦੇਸ਼ਾਂ ਦੇ ਅਨੁਕੂਲ ਹੋਣ ਲਈ ਜਲਵਾਯੂ ਵਿੱਤ ਨੂੰ "ਘੱਟੋ ਘੱਟ ਦੁੱਗਣਾ" ਕਰਨ ਦੀ ਅਪੀਲ ਕੀਤੀ ਗਈ ਸੀ। ਵਿਕਾਸਸ਼ੀਲ ਦੇਸ਼ਾਂ ਨੂੰ 2022 ਵਿੱਚ ਇਸ ਬਾਰੇ ਕੁਝ ਹਿਲਜੁਲ ਦੇਖਣ ਦੀ ਉਮੀਦ ਹੈ, ਖਾਸ ਕਰਕੇ ਵਿਕਸਤ ਦੇਸ਼ਾਂ ਨੇ ਪਿਛਲੇ ਸਾਲ ਮੂਲ $1 ਬਿਲੀਅਨ-ਪ੍ਰਤੀ-ਸਾਲ ਜਲਵਾਯੂ ਵਿੱਤ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਕਰਕੇ ਸਾਰਿਆਂ ਨੂੰ ਨਿਰਾਸ਼ ਕੀਤਾ ਸੀ।

ਜਿਵੇਂ ਕਿ ਦੁਨੀਆ ਭਰ ਵਿੱਚ ਮੌਸਮ ਦੀਆਂ ਅਤਿਅੰਤ ਘਟਨਾਵਾਂ ਵਧਦੀਆਂ ਹਨ, ਅਤੇ 2022 ਵਿੱਚ ਜੰਗਲੀ ਅੱਗ, ਸੁਪਰ-ਤੂਫਾਨ, ਬਹੁਤ ਜ਼ਿਆਦਾ ਮੀਂਹ, ਗਰਮੀ ਦੀਆਂ ਲਹਿਰਾਂ, ਸੋਕੇ ਅਤੇ ਹੜ੍ਹਾਂ ਦਾ ਇੱਕ ਹੋਰ ਵਿਨਾਸ਼ਕਾਰੀ ਦੌਰ ਦੇਖਣ ਨੂੰ ਮਿਲਦਾ ਹੈ, ਉਮੀਦ ਹੈ ਕਿ ਅਜਿਹੀ ਤਬਾਹੀ ਦੇਸ਼ਾਂ ਨੂੰ ਜਲਵਾਯੂ ਕਾਰਵਾਈ 'ਤੇ ਆਪਣੇ ਪੈਰ ਖਿੱਚਣ ਤੋਂ ਰੋਕਣ ਲਈ ਪ੍ਰੇਰਿਤ ਕਰੇਗੀ। ਅਜਿਹਾ ਸਮੂਹਿਕ ਸੰਕਲਪ ਹੋਰ ਵੀ ਮਹੱਤਵਪੂਰਨ ਬਣ ਜਾਵੇਗਾ ਜਦੋਂ ਨਵੰਬਰ ਦੇ ਸ਼ੁਰੂ ਵਿੱਚ ਕਾਹਿਰਾ, ਮਿਸਰ ਵਿੱਚ 27 ਜਲਵਾਯੂ ਸੰਮੇਲਨ ਹੋਵੇਗਾ। ਸੰਯੁਕਤ ਰਾਸ਼ਟਰ ਉਸ ਸਮੇਂ ਤੱਕ ਦੇਸ਼ਾਂ ਤੋਂ ਉਤਸਰਜਨ ਘਟਾਉਣ ਦੇ ਟੀਚੇ ਤੈਅ ਕਰਨ ਦੀ ਉਮੀਦ ਕਰੇਗਾ। ਇੱਕ ਗੱਲ ਸਪੱਸ਼ਟ ਹੈ; 2022 ਵਿੱਚ ਕੋਈ ਵੀ ਸਪੱਸ਼ਟ ਕਾਰਵਾਈ ਦੀ ਘਾਟ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਮੌਜੂਦਾ ਗਲੋਬਲ ਵਿਧੀ ਨਾਲ ਵਿਆਪਕ ਨਿਰਾਸ਼ਾ ਦਾ ਕਾਰਨ ਬਣ ਸਕਦੀ ਹੈ। ਸਰਕਾਰਾਂ ਨੂੰ ਇਸ ਸਾਲ ਤੁਰੰਤ ਕਦਮ ਚੁੱਕਣ ਦੀ ਲੋੜ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਹਲਕਾ ਫੁਲਕਾ



ਬੇਟਾ, ''ਪਾਪਾ! ਇੱਕ ਗੱਲ ਦੱਸਾਂ?''
ਪਿਤਾ, ''ਹਾਂ, ਦੱਸ।''
ਬੇਟਾ, ''ਫੇਸਬੁਕ ਉੱਤੇ ਮੇਰੀਆਂ 10 ਫੇਕ ਆਈਡੀਆਂ ਹਨ।''
ਪਿਤਾ, ''ਨਾਲਾਇਕਾ! ਮੈਨੂੰ ਕਿਉਂ ਦੱਸ ਰਿਹੈਂ?''
ਬੇਟਾ, ''ਤੁਸੀਂ ਜਿਸ ਪੂਜਾ ਸ਼ਰਮਾ ਨੂੰ 10 ਦਿਨ ਤੋਂ ਚਾਹ ਉੱਤੇ ਬੁਲਾ ਰਹੇ ਹੋ, ਉਹ ਮੈਂ ਹੀ ਹਾਂ।''

*******

ਦੋ ਔਰਤਾਂ ਗੱਲਾਂ ਕਰਦੀਆਂ ਹੋਈਆਂ ਜਾ ਰਹੀਆਂ ਸਨ।
ਪਹਿਲੀ ਔਰਤ, ''ਤੈਨੂੰ ਪਤਾ ਹੈ, ਆਪਣੇ ਪਿੰਡ ਦਾ ਸਰਪੰਚ ਕੋਮਾ ਵਿੱਚ ਚਲਾ ਗਿਆ?''
ਦੂਸਰੀ ਔਰਤ, ''ਹਾਂ ਭੈਣ, ਪੈਸੇ ਵਾਲੇ ਲੋਕ ਹਨ, ਕਿਤੇ ਵੀ ਜਾ ਸਕਦੇ ਹਨ।''

*******

ਇੱਕ ਸਤਿਸੰਗ ਦੌਰਾਨ ਬਾਬਾ ਜੀ ਪ੍ਰਵਚਨ ਕਰ ਰਹੇ ਸਨ, ''ਜੋ ਇਸ ਜਨਮ ਵਿੱਚ ਨਰ ਹੈ, ਉਹ ਅਗਲੇ ਜਨਮ ਵਿੱਚ ਵੀ ਨਰ ਹੋਵੇਗਾ ਤੇ ਜੋ ਇਸ ਜਨਮ ਵਿੱਚ ਨਾਰੀ ਹੈ, ਉਹ ਅਗਲੇ ਜਨਮ ਵਿੱਚ ਵੀ ਨਾਰੀ ਹੋਵੇਗੀ।''
ਇਹ ਸੁਣ ਕੇ ਇੱਕ ਬਜ਼ੁਰਗ ਔਰਤ ਉਠ ਕੇ ਜਾਣ ਲੱਗੀ...
ਬਾਬਾ ਜੀ ਬੋਲੇ, ''ਇੰਝ ਉਠ ਕੇ ਕਿੱਥੇ ਜਾ ਰਹੀ ਹੋ?''
ਬਜ਼ੁਰਗ ਔਰਤ, ''ਜੇ ਅਗਲੇ ਜਨਮ ਵਿੱਚ ਵੀ ਰੋਟੀਆਂ ਬਣਾਉਣੀਆਂ ਹਨ ਤਾਂ ਸਤਿਸੰਗ ਸੁਣ ਕੇ ਕੀ ਕਰੂੰਗੀ?''

# ਬ੍ਰਹਿਮੰਡੀ ਪਸਾਰੇ ਨੂੰ ਦੇਖਣ ਵਾਲ਼ੀ ਵਿਗਿਆਨਕ ਅੱਖ

25 ਦਸੰਬਰ, 2021 ਨੂੰ ਪੁਲਾੜ-ਵਿਗਿਆਨੀਆਂ ਨੇ ਵਿਸ਼ਵ-ਪੱਧਰ 'ਤੇ ਇੱਕ ਇਤਿਹਾਸਕ ਅਤੇ ਮਹੱਤਵ-ਪੂਰਨ ਪ੍ਰਾਪਤੀ ਕੀਤੀ ਹੈ, ਜਿਸ ਦਾ ਬਾਹਰ ਦੇ ਜਗਤ ਨੂੰ ਘੱਟ ਪਤਾ ਲੱਗਿਆ ਹੈ। ਇਸ ਦਿਨ 'ਜੇਮਸ ਵੈੱਬ' ਨਾਉਂ ਦੀ ਇੱਕ ਬਹੁ-ਮੰਤਵੀ 'ਦੂਰਬੀਨ' ਪੁਲਾੜ ਵਿੱਚ ਭੇਜੀ ਗਈ ਹੈ ਜਿਹੜੀ ਕਿ ਹੁਣ ਤੱਕ ਬਣੀ ਸੱਭ ਤੋਂ ਸ਼ਕਤੀਸ਼ਾਲੀ ਅਤੇ ਸਭ ਤੋਂ ਉੱਨਤ ਕਿਸਮ ਦੀ ਦੂਰਬੀਨ ਹੈ। ਇਸ ਦੀ ਕੀਮਤ 75 ਹਜ਼ਾਰ ਕਰੋੜ ਰੁਪਏ ਹੈ ਅਤੇ ਇਸ ਦੀ ਯੋਜਨਾ-ਬੰਦੀ ਕਰਨ ਅਤੇ ਇਸ ਨੂੰ ਬਣਾਉਣ ਵਿੱਚ 25 ਸਾਲ ਲੱਗੇ ਹਨ। ਗੁੰਝ਼ਲਦਾਰ ਤਕਨੀਕੀ ਪ੍ਰੋਜੈਕਟ ਹੋਣ ਅਤੇ ਮਾਇਕ ਕਾਰਨਾਂ ਕਰ ਕੇ ਇਸ ਨੂੰ ਇੰਨਾ ਸਮਾਂ ਲੱਗ ਗਿਆ। ਭਾਵੇਂ ਇਹ ਅਮਰੀਕਾ, ਕਨੇਡਾ ਅਤੇ ਯੂਰਪੀ ਦੇਸ਼ਾਂ ਦੀ ਸਾਂਝੀ ਪਰਿਯੋਜਨਾ ਹੈ ਪਰ ਇਸ ਨੂੰ ਹੋਰ ਦੇਸ਼ ਅਤੇ ਸਾਇੰਸਦਾਨ ਵੀ ਵਰਤ ਸਕਦੇ ਹਨ।

ਇਸ ਤੋਂ ਪਹਿਲਾਂ,ਆਪਣੇ ਵੇਲ਼ਿਆਂ ਦੀ 'ਹਬਲ' ਨਾਉਂ ਦੀ ਬਹੁਤ ਸਫਲ ਦੂਰਬੀਨ,ਪਿਛਲੇ 31 ਸਾਲਾਂ ਤੋਂ ਪੁਲਾੜ ਦੀ ਖੋਜ ਵਿੱਚ ਆਪਣਾ ਯੋਗ-ਦਾਨ ਪਾ ਰਹੀ ਹੈ।ਇਹ ਵੀ ਆਪਣੇ ਸਮੇਂ ਦੀ ਸਭ ਤੋਂ ਵੱਡੀ ਅਤੇ ਸ਼ਕਤੀਸ਼ਾਲੀ ਦੂਰਬੀਨ ਸੀ। ਇਸ ਨੇ ਉਸ ਤੋਂ ਕਿਤੇਵੱਧ ਕੰਮ ਕੀਤਾ ਹੈ ਜਿੰਨੇ ਵਾਸਤੇ ਇਹ ਬਣਾਈ ਗਈ ਸੀਅਤੇ ਅਜੇ ਵੀ ਇਸ ਨੂੰ ਛੇਤੀ ਰਿਟਾਇਰ ਕਰਨ ਦੀ ਕੋਈ ਤਜਵੀਜ਼ ਨਹੀਂ।ਬ੍ਰਹਿਮੰਡ ਦੀ ਖੋਜ ਵਿੱਚ ਇਸ ਦੀਆਂਪ੍ਰਾਪਤੀਆ ਵੀ ਕ੍ਰਾਂਤੀਕਾਰੀ ਰਹੀਆਂ ਹਨ ਅਤੇ ਇਨ੍ਹਾਂ ਵਿੱਚੋਂ ਮੁੱਖ ਪੰਜ ਇਹ ਹਨ:

*ਬ੍ਰਹਿਮੰਡ (ਯੂਨੀਵਰਸ) ਦੀ ਉਮਰ ਦਾ ਗਿਆਨ,

*ਇਸ ਦੇ ਫੈਲਣ ਦੀ ਗਤੀ,

*ਇਸ ਵਿੱਚ ਗਲੈਕਸੀਆਂ ਅਤੇ ਸਾਡੇ ਸੂਰਜ ਵਰਗੇ ਤਾਰੇ ਰੇਤ ਦੇ ਕਣਾਂ ਵਾਂਗ ਹਨ, ਦੇ ਤੱਥ ਦੀ ਜਾਣਕਾਰੀ

*ਸੁਪਰਮੈਸਿਵ ਬਲੈਕ-ਹੋਲਾਂ ਦੀ ਪਛਾਣ ਅਤੇ

*ਸਭ ਪਾਸੇ ਧਰਤੀਆਂ ਹੀ ਧਰਤੀਆਂ ਹੋਣ ਦੀ ਖੋਜ।

'ਜੇਮਸ ਵੈੱਬ' ਪੁਲਾੜ ਦੂਰਬੀਨ' (ਜੇਮਸ ਵੈੱਬ ਸਪੇਸ ਟੈਲੀਸਕੋਪ) ਹੋਰ ਵੀ ਉੱਨਤ ਅਤੇ ਬਿਲਕੁਲ ਵੱਖਰੀ ਤਕਨੀਕ ਨਾ਼ਲ ਬਣੀ ਹੈ। ਇਹ ਪਹਿਲੀ ਨਾਲੋਂ ਸੌ-ਗੁਣਾ ਵੱਧ ਸ਼ਕਤੀ-ਸ਼ਾਲੀ ਹੈ।ਹਬਲ ਦੂਰਬੀਨ ਸਿਰਫ ਦਿਖਣ-ਯੋਗ ਰੌਸ਼ਨੀ ਅਤੇ ਅਲਟਰਾ-ਵਾਇਓਲਟ ਰੌਸ਼ਨੀ ਨੂੰ ਹੀ ਪਛਾਣਦੀ ਹੈ ਜਦ ਕਿ'ਜੇਮਸ ਵੈੱਬ'ਇਨਫਰਾ-ਰੈੱਡ ਨੂੰ ਵੀ ਪਛਾਣਦੀ ਹੈ। ਇਹ ਇਸ ਦੀਇੱਕ ਵੱਡੀ ਖ਼ਾਸੀਅਤ ਹੈ ਅਤੇ ਇਸ ਦੀ ਸਮਰੱਥਾ ਅਤੇ ਇਸ ਦੀ ਵੱਧ 'ਰੇਂਜ' ਦਾ ਭੇਦ ਹੈ।ਕਿਹਾ ਜਾ ਸਕਦਾ ਹੈ ਕਿ 'ਜੇਮਸ ਵੈੱਬ' ਦੂਰਬੀਨ ਆਪਣੀ ਪੂਰਵਜ ਹਬਲ ਦੀ ਸੁਯੋਗ ਉੱਤਰਾ-ਅਧਿਕਾਰੀ ਹੈ। ਜਿਕਰ-ਯੋਗ ਹੈ ਕਿ ਬ੍ਰਹਿਮੰਡ ਬਾਰੇ ਸਭ ਤੋਂ ਵੱਧ ਜਾਣਕਾਰੀ ਸਾਨੂੰ ਅੱਡ-ਅੱਡ ਕਿਸਮ ਦੀਆਂ ਰੌਸ਼ਨੀਆਂ ਤੋਂ ਹੀ ਪ੍ਰਾਪਤ ਹੁੰਦੀ ਹੈ।ਇਸ ਤਰ੍ਹਾਂ ਦੀਆਂ ਦੂਰਬੀਨਾਂ, ਸੂਰਜਾਂ ਅਤੇ ਹੋਰ ਬ੍ਰਹਿਮੰਡੀ ਵਸਤੂਆਂ ਵਿੱਚੋਂ ਨਿਕ਼ਲ ਰਹੀਆਂ ਅੱਡ-ਅੱਡ ਤਰ੍ਹਾਂ ਦੀਆਂ ਰੌਸ਼ਨੀਆਂ ਦੇ ਕੰਪਿਊਟਰਾਂ ਰਾਹੀਂ ਕੀਤੇ ਵਿਸ਼ਲੇਸ਼ਣਾਂ ਦੇ, ਅਧਾਰ 'ਤੇ ਕੰਮ ਕਰਦੀਆਂ ਹਨ।

'ਜੇਮਸ ਵੈੱਬ' ਨੂੰ ਪੁਲਾੜ ਵਿੱਚ ਭੇਜਣ ਵਾਸਤੇ ਇੱਕ ਖਾਸ ਕਿਸਮ ਦੇ ਰਾਕਟ ਦਾ ਇੰਤਜ਼ਾਮ ਕੀਤਾ ਗਿਆ ਸੀਜਿਸ ਦੇ ਅਗਲੇ ਭਾਗ ਵਿੱਚ ਇਸ ਨੂੰ ਛਤਰੀ ਵਾਂਗੂੰ ਇਕੱਠੀ ਕਰ ਕੇ ਬੰਦ ਕੀਤਾ ਹੋਇਆ ਸੀ ਅਤੇਹੁਣ ਸਫਲਤਾ-ਪੂਰਨ ਪੁਲਾੜ ਵਿੱਚ ਛੱਡੀ ਜਾ ਚੁੱਕੀ ਹੈ। ਧਰਤੀ 'ਤੋਂ ਉੱਪਰ ਜਾ ਕੇ, ਰਾਕਟ ਵਿੱਚੋਂ ਬਾਹਰ ਨਿਕ਼ਲ ਕੇ ਛਤਰੀ-ਨੁਮਾ ਇਹ ਦੂਰਬੀਨ ਇੱਕ ਮਿੱਥੀ ਤਰਤੀਬ ਅਨੁਸਾਰ ਹੌ਼ਲੀ-ਹੌ਼ਲੀ ਖੁੱਲ ਚੁੱਕੀ ਹੈ। ਇਸ ਵਾਸਤੇ ਦੋ ਹਫ਼ਤਿਆਂਦਾ ਸਮਾਂ ਲੱਗਿਆ ਅਤੇ ਖੁੱਲਣ ਤੋਂ ਬਾਅਦ ਇਸ ਦਾ ਸਾਈਜ਼ ਚਾਰ ਕਮਰਿਆਂ ਦੇ ਦੋ-ਮੰਜ਼ਲੇ ਮਕਾਨ ਜਿੰਨਾ ਹੋ ਗਿਆ ਹੈ। ਇਸ ਦੇ ਖੁੱਲ੍ਹਣ ਦੀ ਪ੍ਰਕਿਰਿਆ ਬਹੁਤ ਹੀ ਸਨਸਨੀ-ਖੇਜ ਸੀ ਜਿਸ ਬਾਰੇ ਇਸ ਦੇ ਸੰਚਾਲਕ ਪੂਰੀ ਤਰ੍ਹਾਂ ਸਾਹ ਰੋਕ ਕੇ ਬੈਠੇ ਹੋਏ ਸਨ। ਇਸ ਦੇ ਖੁੱਲ੍ਹਣ ਦੀਆਂ ਤਿੰਨ ਸੌ ਤੋਂ ਵੱਧ ਪ੍ਰਕ੍ਰਿਆਵਾਂ ਸਨ ਅਤੇ ਹਰ ਸਟੇਜ 'ਤੇ ਨੁਕਸ ਪੈਣ ਦਾ ਡਰ ਬਣਿਆ ਹੋਇਆ ਸੀ। ਆਮ ਕਰ ਕੇ ਪੁਲਾੜ ਵਿੱਚ ਭੇਜੇ ਜਾਣ ਵਾਲ਼ੇ ਰਾਕਟਾਂ ਦੀ ਸਭ ਤੋਂ ਗੰਭੀਰ ਘੜੀ ਇਨ੍ਹਾਂ ਦੇ ਧਰਤੀ ਤੋਂ ਉੱਡਣ ਵੇਲ਼ੇ ਦੀ ਹੁੰਦੀ ਹੈ। ਪਰ ਇਸ ਪ੍ਰੋਜੈਕਟ ਵਿੱਚ, ਇਸ ਦੇ ਪੂਰੀ ਤਰ੍ਹਾਂ ਖੁੱਲ ਕੇ ਕਾਰਜਸ਼ੀਲ ਹੋਣ ਦੀ ਘੜੀ ਇਸ ਤੋਂ ਵੀ ਕਿਤੇ ਵੱਧ ਜਾਨ-ਸੁਕਾਊ ਸੀ। ਖੁਸ਼ਕਿਸਮਤੀ ਨਾਲ਼ ਇਹ ਸਭ ਕੁਛ ਪੂਰੇ ਤਸੱਲੀ-ਬਖ਼ਸ਼ ਢੰਗ ਨਾ਼ਲ ਹੋ ਚੁੱਕਿਆ ਹੈ ਅਤੇ ਇਸ ਅਦੁੱਤੀ ਪਰਿਯੋਜਨਾ ਨਾ਼ਲ ਜੁੜੇ ਜਗਤ ਵਿੱਚ ਪੂਰੀ ਖੁਸ਼ੀ ਅਤੇ ਉਤਸ਼ਾਹ ਹੈ।



ਇੰਜ. ਈਸ਼ਰ ਸਿੰਘ
647 640 2014

ਹੁਣ ਇਹ 2,100 ਕਿਲੋ-ਮੀਟਰ ਪ੍ਰਤੀ ਘੰਟੇ ਦੀ ਔਸਤ ਸਪੀਡ ਨਾ਼ਲ ਆਪਣੀ ਮੰਜ਼ਲ ਵਲ ਵਧ ਰਹੀ ਹੈ ਅਤੇ ਇਸ ਦੇ ਸਫਰਬਾਰੇਲਗਾਤਾਰ 'ਲਾਈਵ' ਪ੍ਰਸਾਰਨ ਹੋ ਰਿਹਾ ਹੈ। ਇੱਕ ਮਹੀਨੇ ਬਾਅਦ ( 23 ਜਨਵਰੀ, 2022 ਤੱਕ) ਇਹ ਆਪਣੀ ਮੰਜ਼ਲ 'ਤੇ ਪਹੁੰਚ ਜਾਵੇਗੀ ਜਿਹੜੀਧਰਤੀ 'ਤੋਂ 15 ਲੱਖ ਕਿਲੋ-ਮੀਟਰ ਦੂਰ ਹੈ। ਇਹ ਫਾਸਲਾ ਧਰਤੀ 'ਤੋਂ ਚੰਦ ਦੇ ਫਾਸਲੇ ਨਾਲੋਂ ਚਾਰ ਗੁਣਾ ਵੱਧ ਹੈ ਜਿਹੜਾ ਕਿ ਪੌਣੇ ਚਾਰ ਲੱਖ ਕਿ.ਮੀ ਹੈ। ਅਜੋਕੀ ਦੂਰਬੀਨ 'ਹਬਲ' ਧਰਤੀ ਤੋਂ 540 ਕਿਲੋ ਮੀਟਰ ਉੱਪਰ ਇਸ ਦੇ ਆ਼ਲੇ-ਦੁਆ਼ਲੇ ਚੱਕਰ ਲਾ ਰਹੀ ਹੈ ਜਦ ਕਿ ਨਵੀਂ ਦੂਰਬੀਨ ਧਰਤੀ ਤੋਂ 15 ਲੱਖ ਕਿਲੋ-ਮੀਟਰ ਦੂਰ ਇਸ ਦੇ ਬਾਹਰਲੇ ਪਾਸੇ ਰਹਿ ਕੇ, ਇਸ ਦੇ ਨਾ਼ਲ-ਨਾ਼ਲ ਸੂਰਜ ਦੇ ਦੁਆ਼ਲੇ ਘੁੰਮੇਗੀ। ਸਪੱਸ਼ਟ ਹੈ ਕਿ ਇਹ ਧਰਤੀ ਦੇ ਇਰਦ-ਗਿਰਦ ਨਹੀਂ ਘੁੰਮੇਗੀ। 'ਹਬਲ' ਨੂੰ ਧਰਤੀ ਤੋਂ ਇੰਨੀ ਕੁ ਦੂਰੀ ਤੇ ਇਸ ਕਰ ਕੇ ਰੱਖਿਆ ਗਿਆ ਹੈ ਤਾਂ ਕਿ ਇਸ 'ਤੇ ਵਾਤਾਵਰਨ ਦਾ ਪ੍ਰਭਾਵ ਵੀ ਨਾ ਪਵੇ ਅਤੇ ਇਸ ਦੀ ਮੁਰੰਮਤ ਵੀ ਹੁੰਦੀ ਰਹੇ। ਮੁਰੰਮਤ ਹੁੰਦੀ ਰਹਿਣ ਕਰ ਕੇ ਹੀ ਇਹ ਇੰਨੀ ਦੇਰ ਤੋਂ ਕੰਮ ਕਰ ਰਹੀ ਹੈ। ਨਵੀਂ ਦੂਰਬੀਨ ਦੀ ਮੁਰੰਮਤ ਤਾਂ ਬਿਲਕੁਲ ਹੀ ਸੰਭਵ ਨਹੀਂ , ਇਸ ਲਈ ਇਸ ਦੀ ਉਮਰ ਦਸ ਸਾਲ ਮੰਨੀ ਗਈ ਹੈ।

ਜੁਲਾਈ, 2022 ਤੋਂ ਇਹ ਆਪਣੇ ਸਾਰੇ ਕੰਮ ਕਰਨੇ ਸ਼ੁਰੂ ਕਰ ਦੇਵੇਗੀ। ਇਹ ਪੁਲਾੜ-ਵਿਗਿਆਨੀਆਂ ਦਾ ਇੱਕ ਇਤਿਹਾਸਕ ਕਾਰਨਾਮਾ ਹੈ ਅਤੇ ਇਸ ਤੋਂ ਉਨ੍ਹਾਂ ਸਣੇ ਹੋਰ ਕਈ ਖੇਤਰਾਂ ਦੇ ਸਾਇੰਸਦਾਨਾਂ ਨੂੰ ਬਹੁਤ ਉਮੀਦਾਂ ਹਨ। ਇਸ ਰਾਹੀਂ ਬ੍ਰਹਿਮੰਡ (ਯੂਨੀਵਰਸ) ਦੇ ਉਨ੍ਹਾਂ ਗੁਪਤ ਭੇਦਾਂ ਦਾ ਰਾਜ ਖੁੱਲੇਗਾ ਜਿਹੜੇ ਹੁਣ ਤਕ ਮਨੁੱਖ ਨੂੰ ਪਤਾ ਨਹੀਂ , ਬਲਕਿ ਇਸ ਦੀ ਕਲਪਨਾ ਤੋਂ ਹੀ ਬਾਹਰ ਹਨ। ਕਿਉਂਕਿ ਇਹ ਧਰਤੀ ਦੇ ਆ਼ਲੇ-ਦੁਆ਼ਲੇ ਨਹੀਂ ਘੁੰਮੇਗੀ, ਇਸ ਕਰਕੇ ਇਸ 'ਤੇ ਧਰਤੀ ਦਾ ਪਰਛਾਵਾਂ ਨਹੀਂ ਪਵੇਗਾ। ਇਸ ਨੂੰ ਇੱਕ ਖਾਸ ਜਗ੍ਹਾ 'ਤੇ ਰੱਖਿਆ ਗਿਆ ਹੈ ਜਿੱਥੇ ਇਸ 'ਤੇ ਨਾਂ ਸੂਰਜ ਦੀ, ਨਾ ਧਰਤੀ ਦੀ ਅਤੇ ਨਾਂ ਹੀ ਚੰਦ ਦੀ ਗਰਮੀ ਪੈ ਸਕੇਗੀ। ਇਸ ਦਾ ਤਾਪਮਾਨ ਮਨਫੀ 266 ਡਿਗਰੀ ਸੈਂਟੀਗ੍ਰੇਡ ਰਹੇਗਾ ਜਿਸ ਨਾ਼ਲ ਇਹ ਇਨਫਰਾ-ਰੈੱਡ ਕਿਰਨਾਂ ਦੀ ਪੂਰੀ ਕਾਰਜ-ਕੁਸ਼ਲਤਾ ਨਾ਼ਲ ਪਕੜ ਕਰ ਸਕੇਗੀ। ਇਹ ਗੁਣ ਇਸ ਦੀਆਂ ਖਾਸ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਹੈ।

ਇਹ ਖਾਸ ਕਰ ਕੇ ਸਾਡੇ ਬ੍ਰਹਿਮੰਡ ਦੀਆਂ ਸਭ ਤੋਂ ਦੂਰ ਉਨ੍ਹਾਂ ਗਲੈਕਸੀਆਂ ਦਾ ਅਧਿਐਨ ਕਰੇਗੀ ਜਿਹੜੀਆਂ ਇਸ ਦੀ ਰਚਨਾ ਤੋਂ ਥੋੜੀ ਦੇਰ ਬਾਅਦ ਬਣੀਆਂ ਪਰ ਜਿਨ੍ਹਾਂ ਦਾ ਸਰੂਪ ਅਤੇ ਸਾਈਜ਼ ਹੁਣ ਤੱਕ ਬਦਲ ਚੁੱਕਿਆ ਹੈ। ਇਸ ਤਰ੍ਹਾਂ ਇਹ ਮਨੁੱਖ ਨੂੰ ਬੀਤ ਚੁੱਕਿਆ ਸਮਾਂ ਦਿਖਾ ਸਕੇਗੀ। ਇਹ ਸਾਡੇ ਸੂਰਜੀ ਪਰਿਵਾਰ ਤੋਂ ਬਾਹਰਲੀਆਂ ਧਰਤੀਆਂ ਬਾਰੇ ਵੀ ਖੋਜ ਕਰੇਗੀ। ਇਸੇ ਕਰ ਕੇ ਸਾਇੰਸਦਾਨ ਇਸ ਨੂੰ 'ਖੋਜ ਮਸ਼ੀਨ' ਕਹਿੰਦੇ ਹਨ। ਸਰਸਰੀ ਨਜ਼ਰ ਨਾਲ ਦੇਖਿਆਂ ਪੁਲਾੜ ਦਾ ਵਿਸ਼ਾ ਨੀਰਸ ਲਗਦਾ ਹੈ, ਕਿਉਂਕਿ ਇਸ ਵਿੱਚ ਅੰਕੜਿਆਂ ਦਾ ਬਹੁਤ ਪ੍ਰਯੋਗਹੁੰਦਾ ਹੈ। ਪਰ ਇਹ ਇਸ ਵਿਸ਼ੇ ਦੀ ਵਡਿਆਈ ਹੈ ਅਤੇ ਇਨ੍ਹਾਂ ਰਾਹੀਂ ਇਹ ਸਾਨੂੰ ਕੁਦਰਤ ਦੇ ਅਥਾਹ ਅਤੇ ਬੇਅੰਤ ਹੋਣ ਦਾਅਮਲੀ ਗਿਆਨ ਪ੍ਰਾਪਤ ਹੁੰਦਾ ਹੈ। ਕਿਸੇ ਅਲੌਕਿਕ ਸ਼ਕਤੀ ਵਿੱਚ ਭਰੋਸਾ ਨਾ-ਰੱਖਣ ਵਾਲ਼ਿਆਂ ਵਾਸਤੇ ਵੀ ਇਹ ਜ਼ਰੂਰੀ 'ਸਧਾਰਨ-ਗਿਆਨ' ਦਾ ਵਿਸ਼ਾ ਹੈ ਪਰ ਪਰਮਾਤਮਾ ਅਤੇ ਕੁਦਰਤ 'ਚ ਭਰੋਸਾ ਰੱਖਣ ਵਾਲ਼ਿਆਂ ਵਾਸਤੇ ਤਾਂ ਇਹ ਉਸ ਦੀ ਅਦਭੁੱਤ ਅਤੇ ਵਿਸਮਾਦ-ਮਈ ਰਚਨਾ ਦਾ ਪ੍ਰਤੱਖ ਸਬੂਤ ਹੈ। ਇੱਥੇ ਇਹ ਗੱਲ ਪ੍ਰਸੰਗਕ ਹੈ ਕਿ ਅੱਜ ਲੱਗਭੱਗ ਹਰ ਵਿਗਿਆਨਕ ਥਿਊਰੀ ਨੇ ਇਹ ਸਵੀਕਾਰ ਕਰ ਲਿਆ ਹੈ ਕਿਬ੍ਰਹਿਮੰਡ ਦੀ ਰਚਨਾ 1,380 ਕਰੋੜ ਸਾਲ ਪਹਿਲਾਂ ਵਾਪਰੇ ਮਹਾਂ-ਵਿਸਫੋਟ (ਬਿੱਗ-ਬੈਂਗ) ਨਾ਼ਲ ਹੋਈ ਹੈ। ਨਿਰ-ਸੰਦੇਹ ਇਸ ਦੇ ਹੋ ਰਹੇ ਫੈਲਾਓ ਬਾਰੇ ਮੱਤ-ਭੇਦ ਜ਼ਰੂਰ ਹਨ।

'ਹਬਲ' ਦੂਰਬੀਨ ਵਲੋਂ ਕੀਤੇ ਵਡਮੁੱਲੇ ਕੰਮ ਅਤੇ ਹੁਣ ਭੇਜੀ ਗਈ 'ਜੇਮਸ ਵੈੱਬ' ਦੂਰਬੀਨ ਦੇ ਭਵਿੱਖ ਦੇ ਕਾਰਨਾਮਿਆਂ ਨੂੰ ਸਮਝਣ ਵਾਸਤੇ ਪੁਲਾੜ ਦੇ ਕੁਝ ਮੁੱਢਲੇ ਤੱਥਾਂ ਅਤੇ ਅੰਕੜਿਆਂ 'ਤੇ ਨਜ਼ਰ-ਸਾਨੀ ਜ਼ਰੂਰੀ ਹੈ।ਇਨ੍ਹਾਂ ਵਿੱਚ ਰੌਸ਼ਨੀ ਦੀ ਸਪੀਡ ਦਾ ਖਾਸ ਮਹੱਤਵ ਹੈ। ਸਾਡੀਆਂ ਰੋਜ-ਮਰਾ ਦੀਆਂ ਗਿਣਤੀਆਂ-ਮਿਣਤੀਆਂ ਦੀ ਤੁਲਨਾ ਵਿੱਚ ਪੁਲਾੜ ਦੇ ਫਾਸਲੇਅਸੀਮ ਅਤੇਬੇ-ਅੰਤ ਹਨ।ਇਨ੍ਹਾਂ ਨੂੰ ਨਾਪਣ ਦੇ ਢੰਗ-ਤਰੀਕੇਵੀ ਇਨ੍ਹਾਂ ਫਾਸਲਿਆਂ ਅਨੁਸਾਰ ਹੀ ਹਨ ਅਤੇ ਇਨ੍ਹਾਂ ਦਾ ਪੈਮਾਨਾ 'ਰੌਸ਼ਨੀ ਦੀ ਸਪੀਡ'ਹੈ। ਇਹ ਸਪੀਡ ਤਿੰਨ ਲੱਖ ਕਿਲੋ-ਮੀਟਰ ਪ੍ਰਤੀ ਸੈਕੰਡ ਹੈ।ਲਾਈਟ ਦੀ ਇੰਨੀ ਸਪੀਡ ਹੋਣ ਦੇ ਬਾਵਜੂਦ ਵੀ ਪੁਲਾੜ ਦੀਆਂ ਦੂਰੀਆਂ ਨਾਪਣ ਵਾਸਤੇ ਇੰਨਾ ਹੀ ਕਾਫੀ ਨਹੀਂ। ਇਸ ਵਾਸਤੇ ਹੋਰ ਵੱਡਾ 'ਗਜ' ਬਣਾਇਆ ਗਿਆ ਹੈ ਜਿਸ ਨੂੰ ਰੌਸ਼ਨੀ-ਸਾਲ (ਲਾਈਟ ਯੀਅਰ) ਕਿਹਾ ਜਾਂਦਾ ਹੈ। ਇਹ ਰੌਸ਼ਨੀ ਵਲੋਂ ਇੱਕ ਸਾਲ ਵਿੱਚ ਤਹਿ ਕੀਤੇ ਕਿਲੋ-ਮੀਟਰਾਂ ਬਰਾਬਰ ਅਰਥਾਤ ਸਾਢੇ ਨੌਂ ਲੱਖ ਕਰੋੜ ਕਿਲੋ-ਮੀਟਰ ਦਾ ਹੈ। ਉਦਾਹਰਣ ਵਜੋਂ ਸੂਰਜ, ਜੋ ਸਾਡੀ ਧਰਤੀ ਤੋਂ ਪੰਦਰਾਂ ਕਰੋੜ ਕਿਲੋ-ਮੀਟਰ ਦੂਰ ਹੈ, ਦੀ ਰੌਸ਼ਨੀ ਧਰਤੀ ਤੱਕ ਪਹੁੰਚਣ ਵਿੱਚ ਸਿਰਫ ਅੱਠ ਮਿੰਟ ਲਗਦੇ ਹਨ।

ਇੰਨੇ ਵੱਡੇ 'ਗਜ' ਦੀ 'ਜਰੂਰਤ ਸਮਝਣ ਵਾਸਤੇ ਸਾਡੇ ਬ੍ਰਹਿਮੰਡ (ਯੂਨੀਵਰਸ) ਦੀ ਅਨੰਤਤਾ 'ਤੇ ਨਜ਼ਰ-ਸਾਨੀ ਦੀ ਲੋੜ ਹੈ। ਅੱਜ ਦੇ ਪ੍ਰਸਿੱਧ ਪੁਲਾੜ-ਵਿਗਿਆਨੀਆਂ ਵਿੱਚੋਂ ਇੱਕ 'ਨੀਲ ਡੀ-ਗਰੈਸ ਟਾਈਸਨ' ਅਨੁਸਾਰ:

*ਸਾਡੇ ਸੂਰਜ ਦੇ ਸਭ ਤੋਂ ਨੇੜੇ ਦਾ ਹੋਰ ਸੂਰਜ ਇਸ ਤੋਂ ਸਵਾ ਚਾਰ (4.3) 'ਰੌਸ਼ਨੀ-ਸਾਲ' ਦੂਰ ਹੈ।

*ਸਾਡੀ ਗਲੈਕਸੀ ਵਿੱਚ ਦਸ ਹਜਾਰ ਕਰੋੜ ਸੂਰਜ ਹਨ।

*ਸਾਡੇ ਬ੍ਰਹਿਮੰਡ ਵਿੱਚ ਅੱਗੇ ਦਸ ਹਜਾਰ ਕਰੋੜ ਗਲੈਕਸੀਆਂ ਹਨ।

*ਅੱਜ ਸਮਝਿਆ ਜਾ ਰਿਹਾ ਹੈ ਕਿ ਅਨੇਕਾਂ ਬ੍ਰਹਿਮੰਡ ਹਨ।

*ਗੁਰਬਾਣੀ ਵਿੱਚ ''ਕੋਟਿ ਬ੍ਰਹਿਮੰਡ ਕੋ ਠਾਕੁਰੁ ਸੁਆਮੀ'' ਦਾ ਜਿਕਰ ਹੈ।

ਨਵੀਂ ਦੂਰਬੀਨ ਦੇ ਜਿੰਮੇ ਲੱਗੇ ਕੰਮਾਂ ਦੀ ਕਿਸਮ ਅਤੇ ਵਿਲੱਖਣਤਾ ਸਮਝਣ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਬ੍ਰਹਿਮੰਡ ਦੀ ਰਚਨਾ ਅਤੇ ਇਸ ਦੀ ਬਣਤਰ ਬਾਰੇ ਮੁੱਢਲੀ ਜਾਣਕਾਰੀ ਦੀ ਦੁਹਰਾਈ ਕੀਤੀ ਜਾਵੇ। ਇਹ ਕਿਸੇ ਧਾਰਮਿਕ ਗ੍ਰੰਥ ਦੀਆਂ ਗੱਲਾਂ ਨਹੀਂ ਬਲਕਿ ਇਹ ਵਿਗਿਆਨਕ ਤੱਥ ਹਨ । ਕੁਝ ਦਿਲਚਸਪ ਅਤੇ ਜ਼ਰੂਰੀ ਤੱਥ ਇਹ ਹਨ:

*1,380 ਕਰੋੜ ਸਾਲ ਪਹਿਲਾਂ 'ਬਿੱਗ-ਬੈਂਗ' ਦੇ ਅਦਭੁਤ ਵਰਤਾਰੇ ਨਾ਼ਲ ਬ੍ਰਹਿਮੰਡ ਦੀ ਰਚਨਾ ਸ਼ੁਰੂ ਹੋਈ।

*1,370 ਕਰੋੜ ਸਾਲ ਪਹਿਲਾਂ ਸ਼ੁਰੂ ਦੇ ਤਾਰੇ ਬਣੇ।

*1,270 ਕਰੋੜ ਸਾਲ ਪਹਿਲਾਂ ਸ਼ੁਰੂ ਦੀਆ ਗਲੈਕਸੀਆਂ ਬਣੀਆਂ।

*1,000 ਕਰੋੜ ਸਾਲ ਪਹਿਲਾਂਆਧੁਨਿਕ ਗਲੈਕਸੀਆਂ ਬਣੀਆਂ।

*460 ਕਰੋੜ ਸਾਲ ਪਹਿਲਾਂ ਸਾਡਾ ਸੂਰਜੀ ਸਿਸਟਮ ਬਣਿਆ। ਸਾਡਾ ਸੂਰਜ ਇੱਕ ਤਾਰਾ ਹੈ।

*455 ਕਰੋੜ ਸਾਲ ਪਹਿਲਾਂ ਧਰਤੀ ਬਣੀ।

ਜਾਣਨ-ਯੋਗ ਹੈ ਕਿ ਕੁਦਰਤ ਨੇ ਬ੍ਰਹਿਮੰਡ ਨੂੰ ਇੱਕਹੀ ਵਾਰ ਪੱਕੇ ਤੌਰ 'ਤੇ ਨਹੀਂ ਬਣਾਇਆ ਬਲਕਿ ਇਹ ਸ਼ੁਰੂ ਤੋਂ ਹੀ ਗਤੀਸ਼ੀਲ ਹੈ, ਭਾਵ ਹਰ ਪਲ ਫੈਲ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਗਲੈਕਸੀਆਂ ਇੱਕ ਦੂਜੀ ਤੋਂ ਦੂਰ ਜਾ ਰਹੀਆਂ ਹਨ ਪਰ ਇਨ੍ਹਾਂ ਦਾ ਆਪਣਾ ਆਕਾਰ ਅਤੇ ਆਪਣੀ ਸ਼ਕਲ ਸਥਿਰ ਹੈ। ਇਸੇ ਕਰ ਕੇ ਪੁਲਾੜ-ਵਿਗਿਆਨੀ ਇਹ ਸਮਝਣਾ ਚਾਹੁੰਦੇ ਹਨ ਕਿ 'ਬਿੱਗ-ਬੈਂਗ' ਰਾਹੀਂ ਰਚਨਾ ਤੋਂ ਕੁਛ ਚਿਰ ਬਾਅਦ ਇਹ ਕਿਹੋ ਜਿਹਾ ਸੀ ਅਤੇ ਹੁਣ ਕਿਹੋ ਜਿਹਾ ਹੈ। ਬਿੱਗ-ਬੈਂਗ (ਜ਼ੀਰੋ-ਪੁਆਂਇਟ) ਵੇ਼ਲੇ ਅਤੇ ਉਸ ਤੋਂ ਤੁਰਤ ਬਾਅਦ ਦੀ ਸਥਿਤੀ ਬਾਰੇ ਪਤਾ ਲਾਉਣਾ ਅੱਜ ਦੀ ਤਕਨਾਲੋਜੀ ਵਾਸਤੇ ਸੰਭਵ ਨਹੀ। ਪਰ ਨਵੀਂ ਦੂਰਬੀਨ ਬਿੱਗ-ਬੈਂਗ ਵਾਪਰਨ ਤੋਂ 20 ਕਰੋੜ ਸਾਲ ਬਾਅਦ ਦੀ ਸਥਿਤੀ ਦਾ ਪਤਾ ਕਰ ਸਕਣ ਦੇ ਸਮਰੱਥ ਹੈ। ਜਦ ਕਿ ਪਹਿਲੀ ਦੂਰਬੀਨ 'ਹਬਲ', 40 ਕਰੋੜ ਸਾਲ ਬਾਅਦ ਵਾਪਰੇ ਵਰਤਾਰਿਆਂ ਦਾ ਪਤਾ ਕਰ ਸਕਦੀ ਸੀ। ਆਮ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਇੰਨੇ ਕੁ ਫਰਕ ਨਾ਼ਲ ਕਿੰਨੀ ਕੁ ਜਾਣਕਾਰੀ ਵਧ ਸਕੇਗੀ।ਜਵਾਬ ਹੈ ਕਿ'ਬਿੱਗ-ਬੈਂਗ' ਤੋਂ ਤੁਰਤ ਬਾਅਦ ਘਟਨਾਵਾਂ ਬਹੁਤ ਹੀ ਤੇਜ ਗਤੀ ਨਾ਼ਲ ਵਾਪਰੀਆਂ, ਇਸ ਕਰ ਕੇ ਪਹਿਲੇ ਵੀਹ ਕਰੋੜ ਸਾਲਾਂਅੰਦਰ ਰਚਨਾ ਦੀ ਬਣਤਰ ਦੇ ਬਹੁਤ ਜ਼ਿਆਦਾ ਅਹਿਮ ਭੇਦ ਸਮੋਏ ਹੋਏ ਹਨ। ਪੁਲਾੜ-ਵਿਗਿਆਨੀ ਅਤੇ ਸਾਇੰਸਦਾਨ ਇਹੀ ਭੇਦ ਜਾਣਨ ਦੇ ਇੱਛੁਕ ਹਨ ਜੋ ਸਾਡੇ ਗਿਆਨ 'ਚ ਸਾਡੀ ਕਲਪਨਾ ਤੋਂ ਵੀ ਕਿਤੇ ਜ਼ਿਆਦਾ ਵਾਧਾ ਕਰਨਗੇ। ਇਸ ਤਰ੍ਹਾਂ 'ਜੇਮਸ ਵੈੱਬ ਪੁਲਾੜ ਦੂਰਬੀਨ' ਸਹੀ ਅਰਥਾਂ ਵਿੱਚ ਬ੍ਰਹਿਮੰਡੀ ਪਸਾਰੇ ਨੂੰ ਦੇਖਣ ਵਾਲ਼ੀ ਵਿਗਿਆਨਕ ਅੱਖ ਸਾਬਤ ਹੋਵੇਗੀ ਅਤੇ ਆਪਣੇ 'ਤੇ ਖਰਚੇ ਧੰਨ ਅਤੇ ਕੀਤੀ ਵਿਗਿਆਨਕ ਮਿਹਨਤ ਦਾ ਪੂਰਾ ਮੁੱਲ ਮੋੜ ਸਕੇਗੀ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਮਾਬ ਲਿੰਚਿਗ: ਜਨੂੰਨੀ ਸ਼ਾਵਨਵਾਦੀ ਭੀੜ ਨੂੰ ਨੱਥ ਪਾਈ ਜਾਵੇ!



ਰਾਜਿੰਦਰ ਕੌਰ ਚੋਹਕਾ
001-403-285-4208
98725-44738

ਮੱਧ-ਯੁੱਗ 'ਚ ਨਵੇਂ ਰੂਪ ਰਾਹੀਂ ਸਾਮੰਤਵਾਦ ਦੇ ਯੂਰਪ ਦੇ ਕਈ ਵਿਕਸਤ ਦੇਸ਼ਾਂ ਅੰਦਰ ਆਪਣੇ ਪ੍ਰਸਾਰ ਲਈ ਬਸਤੀਵਾਦ ਅਤੇ ਅਗੋਂ ਨਵ ਬਸਤੀਵਾਦ ਨੂੰ ਜਨਮ ਦਿੱਤਾ ਜਿਸ ਨੇ ਗੁਲਾਮਦਾਰੀ ਯੁੱਗ ਵੇਲੇ ਆਪਣੀ ਲੁੱਟ ਲਈ ਪ੍ਰਸਾਰਵਾਦ ਰਾਹੀਂ ਗੁਲਾਮ ਤੇ ਪੱਛੜੇ ਦੇਸ਼ਾਂ-ਅਫ਼ਰੀਕਾ, ਉੱਤਰੀ ਅਤੇ ਦੱਖਣੀ ਅਮਰੀਕਾ ਅਤੇ ਏਸ਼ੀਆ ਅੰਦਰ ਆਪਣੇ ਸਾਮਰਾਜ ਦੀ ਮਜ਼ਬੂਤੀ ਲਈ ਲੋਕਾਂ 'ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਬਹੁਤ ਸਾਰੇ ਅਮਾਨਵੀ ਜ਼ੁਲਮਾਂ ਭਰੇ ਅਤੇ ਬਰਬਰਤਾ ਵਾਲੇ ਢੰਗ-ਤਰੀਕੇ ਵਰਤੇ। ਇਹ ਵਰਤਾਰਾ ਅੱਗੋਂ ਵਿਕਾਸਸ਼ੀਲ ਤੇ ਅਜ਼ਾਦ ਹੋਏ ਦੇਸ਼ਾਂ ਅੰਦਰ ਪੂੰਜੀਵਾਦੀ ਸਰਕਾਰਾਂ ਨੇ, ਵੀ ਖੁਦ ਅਪਣਾ ਲਿਆ। ਹੱਕ ਮੰਗਦੇ ਲੋਕਾਂ 'ਤੇ ਅੱਜ ਹਾਕਮਾਂ ਵਲੋ ਲੋਕ-ਰੋਹ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਤਸ਼ਦਦ ਕੀਤੇ ਜਾ ਰਹੇ ਹਨ। ਖਾਸ ਤੌਰ ਤੇ ਜਿਨ੍ਹਾਂ ਦੇਸ਼ਾਂ ਅੰਦਰ ਹਾਕਮਾਂ ਨੇ, ਪੂੰਜੀਵਾਦੀ-ਧਾਰਮਿਕ ਭਾਵਨਾ ਦਾ ਲਿਬਾਸ ਪਾਇਆ ਹੋਇਆ ਹੈ। ਉੱਥੇ ਧਰਮ ਦੇ ਨਾਂ ਹੇਠ ਨਿੱਤ ਆਏ ਦਿਨ ਨਵੇਂ-ਨਵੇਂ ਢੰਗਾਂ ਨਾਲ ਨਸਲ, ਰੰਗ-ਭੇਦ ਭਾਵ, ਜਾਤ-ਪਾਤ 'ਤੇ ਘੱਟ ਗਿਣਤੀਆਂ ਉੱਪਰ ਹਮਲੇ ਹੋ ਰਹੇ ਹਨ। ਗੁਲਾਮੀ ਵੇਲੇ ਅਤੇ ਅੱਜ ਵੀ ''ਭੀੜ-ਰਾਹੀਂ'' ਲੋਕਾਂ 'ਤੇ ਅਤੇ ਖਾਸ ਕਰਕੇ ਘੱਟ ਗਿਣਤੀ ਫਿਰਕੇ ਦੇ ਲੋਕਾਂ 'ਤੇ ਹਮਲੇ ਹੋ ਰਹੇ ਹਨ। ਭਾਰਤ ਵਰਗੇ ਦੇਸ਼ ਅੰਦਰ ਹਿੰਦੂਤਵ ਬਹੁ-ਗਿਣਤੀ ਸੋਚ ਵਾਲੀ ਕਾਬਜ਼ ਰਾਜਨੀਤੀ ਵਲੋਂ ਸ਼ਰੇਆਮ ਅਜਿਹੇ ਹਮਲੇ ਹੋ ਰਹੇ ਹਨ ; ਜੋ ਭਾਰਤ ਵਰਗੇ ਲੋਕਤੰਤਰੀ ਦੇਸ਼ ਅੰਦਰ ਅਤਿ ਨਿੰਦਣ ਯੋਗ ਹੈ !

ਗੈਰ ਕਾਨੂੰਨੀ ਢੰਗ ਨਾਲ ਭੀੜ ਵਲੋਂ ਕਿਸੇ ਵਿਅਕਤੀ ਨੂੰ ਸਜ਼ਾ ਦੇਣੀ, ਕੁੱਟ-ਮਾਰ ਕਰਨੀ, ਜਾਨੋ ਮਾਰ ਦੇਣਾ (ਡ਼ਜਰ;ਕਅਵ ਸ਼ਚਅਜਤੀਠਕਅਵ) ਭੜਕਾਊ ਸਜ਼ਾ ਦਾ ਵਰਤਾਓ, ਇਹ ਸਾਰੇ ਦੇਸ਼ਾਂ ਵਿੱਚ ਹੀ ਚੱਲ ਰਿਹਾ ਹੈ। ਪਰ ! 19-ਵੀਂ ਸਦੀ ਦੇ ਸ਼ੁਰੂ 'ਚ ''ਉੱਤਰੀ ਅਤੇ ਦੱਖਣੀ ਅਮਰੀਕਾ'' ਅੰਦਰ ਗੁਲਾਮਦਾਰੀ ਵੇਲੇ ਵਿਰੋਧੀ ਲੋਕ ਜਿਹੜੇ ਗੁਲਾਮ ਜਾਂ ਅਧੀਨ ਸਨ ਖਾਸ ਕਰਕੇ (ਅਫਰੀਕੀ-ਅਮਰੀਕੀ) ਗੁਲਾਮਾਂ ਨੂੰ ਸਜਾ ਵਜੋਂ ਮਾਰ ਦਿੱਤਾ ਜਾਂਦਾ ਸੀ। ਇਹ ਕਾਰਾ ਦੱਖਣੀ ਅਮਰੀਕਾ 'ਚ 'ਸਪੇਨੀ ਅਤੇ ਪੁਰਤਗਾਲੀ ਹਾਕਮ' ਅਤੇ ਉੱਤਰੀ ਅਮਰੀਕਾ ਵਿੱਚ ਭੂਮੀ ਮਾਲਕ ਬਰਤਾਨਵੀ ਗੋਰੇ ਸਨ। ਗੁਲਾਮਾਂ ਨੂੰ ਸਜ਼ਾ ਦੇਣ ਵਜੋਂ ਫੜ ਕੇ ਮਾਰ ਦਿੰਦੇ ਸਨ। ਅਮਰੀਕਾ ਅੰਦਰ ਜਦੋਂ ਉੱਤਰ ਦੇ ਪੂੰਜੀਪਤੀ ਸਨਅਤਕਾਰਾਂ ਨੂੰ ਕਿਰਤੀ ਲੋਕਾਂ ਦੀ ਲੋੜ ਪਈ, ਜੋ ਉਨ੍ਹਾਂ ਨੂੰ ਦੱਖਣੀ ਭਾਗਾਂ ਦੇ ਭੂਮੀ ਮਾਲਕਾਂ ਪਾਸ ਕੰਮ ਕਰਦੇ ਕਿਰਤੀਆਂ ਤੋਂ ਪੂਰੀ ਹੋ ਸਕਦੀ ਸੀ। ਉਸ ਵੇਲੇ ਜਿਹੜੀ ਅਮਰੀਕਾ 'ਚ ਸਿਵਲ ਵਾਰ ਚਲੀ ਇਹ ਕਿਰਤ-ਸ਼ਕਤੀ ਦੀ ਲੁੱਟ ਲਈ ਉਦਯੋਗਪਤੀਆਂ ਤੇ ਭੂਮੀ ਮਾਲਕਾਂ ਵਿਚਕਾਰ ਲੜਾਈ ਸੀ। ਉੱਤਰ ਦੇ ਉਦਯੋਗਪਤੀ ਜਿੱਤ ਗਏ ਸਨ ਅਤੇ ਉਨਾਂ ਨੇ 14-ਵੀਂ ਸੰਵਿਧਾਨਕ ਸੋਧ ਰਾਹੀਂ ਗੁਲਾਮਦਾਰੀ ਪ੍ਰਥਾ ਖਤਮ ਕਰ ਦਿੱਤੀ ਸੀ। ਉਸ ਵੇਲੇ ਗੋਰਿਆਂ ਵਲੋਂ ਫਿਰਕੂ-ਨਸਲਵਾਦੀ ਲਹਿਰ, ''ਕੂ, ਕਲੱਕਸ, ਕਲਾਨ'' ਸ਼ੁਰੂ ਕੀਤੀ ਸੀ, ''ਕਿ ਅਸੀ ਉਚੱਤਮ ਹਾਂ ਤੇ ਸਿਆਹ-ਫਾਮ ਸਾਡੇ ਬਰਾਬਰ ਨਹੀਂ ਹੋ ਸਕਦੇ ਸਨ ?''1880 ਤੋਂ 1930 ਤੱਕ 'ਮੋਬ ਲਿੰਚਿੰਗ' ਮਨਸੂਬਿਆਂ ਅੰਦਰ 2400 ਸਿਆਹ-ਫਾਮ ਜਿਨ੍ਹਾਂ ਵਿੱਚ 300 ਹੋਰ ਲੋਕ ਸਨ ਮਾਰ ਦਿੱਤੇ ਗਏ ਸਨ। ਇਸੇ ਤਰ੍ਹਾਂ ਅੱਜ ਭਾਰਤ ਅੰਦਰ ਵੀ ਭਾਰੂ ਬਹੁ-ਗਿਣਤੀ ਹਿੰਦੂਤਵ -ਰਾਜਨੀਤੀ ਵਾਲੀ ਰਾਜਸਤਾ 'ਤੇ ਕਾਬਜ ਜਮਾਤ ਬੀ.ਜੇ.ਪੀ., ਘੱਟ ਗਿਣਤੀ, ਦਲਿਤਾਂ ਅਤੇ ਇਸਤਰੀਆਂ ਤੇ ਅਜਿਹੇ ਘਿਨਾਉਣੇ ਹਮਲੇ ਕਰ ਰਹੀ ਹੈ; ਜੋ ਚਿੰਤਾ ਦਾ ਵਿਸ਼ਾ ਹੈ ?

ਕਿਸੇ ਵੀ ਵਿਕਸਤ ਜਾਂ ਵਿਕਾਸਸ਼ੀਲ ਦੇਸ਼ ਦੇ ਲੋਕਤੰਤਰੀ ਰਾਜ ਅੰਦਰ 'ਵਿਰੋਧ ਅਤੇ ਅਸਿਹਮਤੀ' ਕਰਨ ਦਾ ਕਿਸੇ ਵੀ ਨਾਗਰਿਕ ਦਾ ਅਧਿਕਾਰ ਹੁੰਦਾ ਹੈ। ਉਸ ਦੇ ਇਸ ਅਧਿਕਾਰ ਦੀ ਰੱਖਿਆ ਕਰਨੀ, ਉਸ ਦੇਸ਼, ਰਾਜ ਅਤੇ ਨਿਆਂ-ਕਾਨੂੰਨ ਨੇ ਹੀ ਵਿਵਸਥਾ ਕਰਨੀ ਹੁੰਦੀ ਹੈ, ਨਾ ਕਿ ਉਸ ਨਾਗਰਿਕ ਦੇ ਵਿਰੁੱਧ ਹਿੰਸਾ ਜਾਂ ਹਮਲਾਵਰੀ ਰੂਪ ਧਾਰਨ ਕਰਕੇ ਕੁੱਟਮਾਰ, ਗਾਲੀ-ਗਲੋਚ ਜਾਂ ''ਧਮੀੜ'' (ਮਾਬ ਲਿੰਚਿੰਗ) ਵਲੋਂ ਕੁੱਟ-ਕੁੱਟ, ਕੇ ਮੌਤ ਦੇ ਘਾਟ ਉਤਾਰ ਦੇਣਾ; ਇਹ ਇਕ ਤਰ੍ਹਾਂ ਦੇ ਨਾਲ ਮਨੁੱਖਤਾ ਦਾ ਘਾਣ ਕਰਨ ਦੇ ਬਰਾਬਰ ਹੈ। ਨੋਬਲ ਪੁਰਸਕਾਰ ਵਿਜੇਤਾ ਅਰਥ-ਸ਼ਾਸਤਰੀ ''ਅਮ੍ਰਿਤਿਆ ਸੇਨ'' ਨੇ ਇਸ ਤਰ੍ਹਾਂ ਦੀਆ ਦੇਸ਼ ਭਰ ਵਿੱਚ ਵਾਪਰ ਰਹੀਆਂ ਘਟਨਾਵਾਂ ਤੇ ਰੋਸ ਪ੍ਰਗਟ ਕਰਦਿਆਂ ਕਿਹਾ ਸੀ, ''ਕਿ ਦੇਸ਼ ਅੰਦਰ ''ਚਰਚਾ ਅਤੇ ਅਸਹਿਮਤੀ'' ਦੀ ਭੂਮਿਕਾ ਘੱਟਦੀ ਜਾ ਰਹੀ ਹੈ ? ਸਾਨੂੰ ਇਹ ਵੀ ਫਿਕਰ ਹੋਣਾ ਚਾਹੀਦਾ ਹੈ, ਕਿ ਦੇਸ਼ ਵਿੱਚ ਇਹੋ ਜਿਹੀਆਂ ਮਾਬ ਲਿੰਚਿੰਗ ਨਾਲ ਮਾਰਨ ਜਿਹੀਆਂ ਘਟਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਉਥੇ ਪੁਲੀਸ ਦੀ ਹਿਰਾਸਤ ਵਿੱਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨ ਤੇ ਵੀ ਚਿੰਤਾ ਹੋਣੀ ਚਾਹੀਦੀ ਹੈ? ਕਿਸੇ ਦੀ ਬਿਨ੍ਹਾਂ ਤਫ਼ਤੀਸ਼ ਕੀਤਿਆਂ ਸ਼ੱਕ ਦੀ ਬਿਨਾਂ ਤੇ ਹੀ ਕਿਸੇ ਨਾਗਰਿਕ ਨੂੰ ਭੀੜ ਰਾਹੀਂ ਕੁੱਟ-ਕੁੱਟ ਕੇ ਮਾਰ ਦੇਣ ਅਤੇ ਉਨ੍ਹਾਂ ਹੁੜਦੁੰਗਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਵੀ ਨਾ ਹੋਣੀ, ਭਾਰਤ ਦੇਸ਼ ਦੇ ਲੋਕਤੰਤਰੀ ਰਾਜ ਵਿੱਚ ਇਕ ਘਾਤਕ ਕਾਰਨਾਮਾ ਹੈ ?''

ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ, ਜਦੋਂ ਦੀ ਕੇਂਦਰ ਵਿੱਚ ਮੋਦੀ ਦੀ ਭਾਜਪਾ ਸਰਕਾਰ ਆਈ ਹੈ; ਤਾਂ ! ''ਮਾਬ ਲਿੰਚਿਗ'' ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕਦੀ ਧਰਮ ਦੇ ਨਾਂ ਤੇ, ਚੋਰੀ ਦੇ ਨਾਂ 'ਤੇ, ਅਣਖ ਦੇ ਨਾਂ 'ਤੇ, ਗਊ ਮਾਸ ਦੇ ਨਾਂ 'ਤੇ ਅਤੇ ਲਵ-ਜੇਹਾਦ ਦੇ ਨਾਂ 'ਤੇ ਭੀੜ ਵਲੋਂ ਬਿਨ੍ਹਾਂ ਤਫ਼ਤੀਫ਼ ਕੀਤਿਆਂ ਭੀੜ ਵਲੋਂ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਖਬਰਾਂ ਦੇਸ਼ ਭਰ ਵਿੱਚ ਤੇਜ਼ੀ ਨਾਲ ਫੈਲ ਰਹੀਆਂ ਹਨ। ਇਹ ਇਕ ਅਫਸੋਸਨਾਕ ਵਾਕਿਆਤ ਹਨ।

26-ਮਈ, 2017 ਨੂੰ ਭਾਰਤ ਸਰਕਾਰ ਨੇ 'ਪ੍ਰੋਵੈਸ਼ਨਲ ਆਫ ਕਰੂਇਲਟੀ ਅਗੇਂਸਟ ਐਨੀਮਲ'' ਕਾਨੂੰਨ ਦੇਸ਼ ਭਰ ਵਿੱਚ ਮਾਸ ਖਰੀਦਣ ਵਾਲੇ ਚਾਰ ਪੈਰਾਂ ਵਾਲੇ ਪਸ਼ੂਆਂ ਦੀ ਖਰੀਦੋ-ਫਰੋਖਤ ਤੇ ਰੋਕ ਲਾਉਣ ਵਾਲਾ ਕਾਨੂੰਨ ਬਣਾਇਆ ਸੀ। ਉਸ ਸਮੇਂ ਸਾਰੇ ਦੇਸ਼ ਵਿੱਚ ਗਊ-ਹੱਤਿਆ ਦੇ ਵਿਰੋਧ ਵਿਚ ਇਕ ਸਨਸਨੀ ਫੈਲਾਅ ਕੇ, ਜਿਹੜੇ ਗਊਆਂ ਮੁੱਲ ਲੈ ਕੇ ਵੀ ਜਾ ਰਹੇ ਸਨ, ਉਨ੍ਹਾਂ ਨੂੰ ਵੀ ਗਊ ਹੱਤਿਆ ਦੇ ਨਾਂ ਤੇ ਕੁੱਟ-ਕੁੱਟ ਕੇ ਮਾਰਨ ਦੀਆਂ ਹੱਤਿਆਵਾਂ ਦੀਆਂ ਵੀ ਸਨਸਨੀ-ਖੇਜ਼ ਖਬਰਾਂ ਅਖਬਾਰਾਂ ਵਿੱਚ ਛੱਪੀਆਂ ਸਨ। ਇਹੋ ਜਿਹੀਆਂ ਹਿੰਸਾ ਨਾਲ ਮਰਨ ਵਾਲੇ ਨਾਗਰਿਕਾਂ ਦੀਆਂ ਵਾਰਦਾਤਾਂ ਵੱਧਣ ਨਾਲ ਮਾਣਯੋਗ ਸੁਪਰੀਮ ਕੋਰਟ ਨੇ ਜੁਲਾਈ 2017 'ਚ ਇਸ ਕਾਨੂੰਨ ਤੇ ਲਗਾਈ ਰੋਕ ਨੂੰ ਹਟਾ ਦਿੱਤਾ ਸੀ।

''ਮਾਬ ਲਿੰਚਿਗ'' ਕੀ ਹੈ, ਇਸ ਸ਼ਬਦਾਵਲੀ ਬਾਰੇ ਵੀ ਜਾਨਣਾ ਜ਼ਰੂਰੀ ਹੈ? ਲਿੰਚਿਗ ਸ਼ਬਦ ਅਮਰੀਕਾ ਦੀ ਦੇਣ ਹੈ। ਇਹ ਸ਼ਬਦ ਹੁਣ ਸਾਰੀ ਦਨੀਆਂ 'ਚ ਪ੍ਰਚਾਰਿਆ ਜਾਣ ਲਗ ਪਿਆ ਹੈ। ਜਿਸ ਵਿੱਚ ਹੁਣ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ। ਮਾਬ ਲਿੰਚਿਗ ਵੀ ਅਮਰੀਕਾ ਦੇਸ਼ ਤੋਂ ਹੀ ਸ਼ੁਰੂ ਹੋਈ, ਜਦੋਂ ਉਥੇ ਗੁਲਾਮ ਪ੍ਰਥਾ ਸੀ। ਪਰ! ਜਦੋਂ ਅਮਰੀਕਾ 'ਚ ਕ੍ਰਾਂਤੀ ਆਈ ਸੀ ਤਾਂ! ਵਰਜੀਨੀਆ ਦੇ 'ਵੇਡਫਰਡ ਕਾਂਉਟੀ ਚਾਰਲਸ ਲਿੰਚ' ਨੇ ਇਕ ਵਿਲੱਖਣ, ਪਰ! ਬਹੁਤ ਘੱਟੀਆ ਤੇ ਘਿਨਾਉਣਾ ਫੈਸਲਾ ਕੀਤਾ ਸੀ। ਉਸ ਨੇ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ, ਆਪਣੀਆਂ ਨਿੱਜੀ ਅਦਾਲਤਾਂ ਦਾ ਗਠਨ ਕਰਕੇ ਅਪਰਾਧਿਕ ਵਿਰਤੀ ਵਾਲੇ ਲੋਕਾਂ ਅਤੇ ਅਪਰਾਧੀਆਂ ਨੂੰ, ਜਾਂ ਸ਼ੱਕੀ ਲੋਕਾਂ ਨੂੰ ਵੀ ਫੜ ਕੇ, ਬਿਨ੍ਹਾਂ ਪੁੱਛ-ਪੜਤਾਲ ਕੀਤਿਆਂ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਪਰਾਧੀਆਂ ਨੂੰ ਸਜ਼ਾਵਾਂ ਦੇਣ ਸਮੇਂ ਲੋਕਾਂ ਦਾ ਇੱਕ ਇਕੱਠ (ਇਕ ਭੀੜ ਦੀ ਤਰ੍ਹਾਂ) ਕਰਕੇ 'ਤੇ ਉਨ੍ਹਾਂ ਲੋਕਾਂ ਦੇ ਸਾਹਮਣੇ ਹੀ ਅਪਰਾਧੀਆਂ ਨੂੰ ਦਰੱਖਤਾਂ, ਪੁਲਾਂ ਜਾਂ ਕੋਈ ਹੋਰ ਇਹੋ ਜਿਹੀ ਥਾਂ ਤੇ ਵਿਵਸਥਾ (ਪ੍ਰਬੰਧ) ਕੀਤੀ ਜਾਂਦੀ ਸੀ; ਜਿਥੇ ਉਨ੍ਹਾਂ ਨੂੰ ਜਿਊਂਦਿਆਂ ਨੂੰ ਹੀ ਟੰਗ ਕੇ ਕੁੱਟਿਆ, ਮਾਰਿਆ ਤੇ ਪੁੱਠਿਆਂ ਕਰਕੇ ਲਟਕਾਇਆ ਜਾਦਾ ਸੀ ਤੇ ਫਿਰ ਜਿਊਂਦਿਆਂ ਦੇ ਹੀ ਅੰਗ ਵੱਢ ਕੇ



ਤੇ ਜਿਊਂਦਿਆਂ ਨੂੰ ਹੀ ਸਾੜ ਦਿੱਤਾ ਜਾਂਦਾ ਸੀ।

ਅਮਰੀਕਾ ਦੀ ਇਕ ਸਿਆਹ-ਫਾਮ ਲੋਕਾਂ ਦੀ ਸੰਸਥਾਂ ''ਨੈਸ਼ਨਲ ਐਸੋਸੀਏਸ਼ਨ ਦੀ ਐਡਵਾਂਸਮੈਂਟ ਆਫ ਕਲਰਡ ਪੀਪਲ'' ਦੇ ਅੰਕੜਿਆਂ ਅਨੁਸਾਰ 1882 ਤੋਂ ਲੈ ਕੇ 1968 ਤੱਕ ਅਮਰੀਕਾ ਵਿੱਚ 4743 ਲੋਕਾਂ ਦੀ ਹੱਤਿਆ ਇਹੋ ਜਿਹੀ ਭੀੜ (ਜਿਸ ਨੂੰ ਚਾਰਲਸ ਲਿੰਚ ਦੇ ਸ਼ਬਦ ਨਾਲ ਜ਼ੋੜ ਕੇ ਲਿੰਚਿਗ ਕਰ ਦਿੱਤਾ ਗਿਆ) ਰਾਂਹੀ ਕੀਤੀ ਗਈ ਸੀ। ਲਿੰਚਿਗ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਵਿੱਚ 3446 ਸਿਆਹ-ਫਾਮ ਅਫਰੀਕੀ-ਅਮਰੀਕੀ ਸਨ ਅਤੇ 1297 ਗੈਰ ਸਿਆਹ-ਫਾਮ ਲੋਕ ਸ਼ਾਮਲ ਸਨ।

ਮੌਜੂਦਾ ਸੰਦਰਭ ਵਿੱਚ ਅੱਜ ਦੇ ਸਮਾਜਿਕ ਵਰਤਾਰੇ ਅੰਦਰ ਭੀੜ ਦੀ ਹਿੰਸਾਂ ਰਾਹੀਂ (ਮਾਬ ਲਿੰਚਿਗ) ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਜਾਣ ਦੀਆਂ ਘਟਨਾਵਾਂ ਦੇ ਕਈ ਰੂਪ ਹਨ। ਮਾਬ ਲਿੰਚਿਗ ਦੀਆਂ ਘਟਨਾਵਾਂ ਭਾਂਵੇ! ਪਿਛਲੇ ਸਮਿਆਂ ਅੰਦਰ ਵੀ ਹੁੰਦੀਆਂ ਰਹੀਆਂ ਹਨ; ਪ੍ਰਤੂੰ ਅੱਜ! ਜਦੋਂ ਸਮਾਜ ਨੇ ਕਾਫੀ ਤਰੱਕੀ ਕਰ ਲਈ ਹੈ; ਤਾਂ ਇਹੋ ਜਿਹੀਆਂ ਘਿਨਾਉਣੀਆਂ ਘਟਨਾਵਾਂ ਦਾ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਹੀ ਦੇਸ਼ਾਂ ਵਿੱਚ ਵਾਪਰਨਾ ਇਕ ਚਿੰਤਾ ਦਾ ਵਿਸ਼ਾ ਹੈ। ਭਾਰਤ ਜਿਹੇ ਲੋਕਤੰਤਰੀ ਕਹਾਉਣ ਵਾਲੇ ਬਹੁਲਤਾਵਾਦੀ ਦੇਸ਼ ਵਿੱਚ ਜਿਥੇ ਭਿੰਨ-ਭਿੰਨ ਜਾਤਾਂ, ਵਰਗਾ, ਧਰਮਾਂ ਤੇ ਬਹੁ-ਭਾਸ਼ਾਈ ਲੋਕਾਂ ਦੀ ਗਿਣਤੀ ਹੈ ਤਾਂ ! ਉਥੇ ਇਹੋ ਜਿਹੀਆਂ ਘਟਨਾਵਾਂ ਦਾ ਵਾਪਰਨਾ ਮੰਦਭਾਗਾ ਹੈ। ਝਾਰਖੰਡ ਵਿੱਚ ਸਭ ਤੋਂ ਪਹਿਲਾਂ ਭੀੜ ਨੇ ''ਡਾਇਣ'' ਕਹਿ ਕੇ ਇਸਤਰੀਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ, 'ਤੇ ਇਸ ਤਰ੍ਹਾਂ ਕਈ ਇਸਤਰੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਜਿਸ ਦਾ ਨਤੀਜਾ ਇਹ ਹੋਇਆ, ਕਿ ਇਨ੍ਹਾਂ ਘਟਨਾਵਾਂ ਨੂੰ ਸੁਰਖੀਆਂ ਰਾਂਹੀ ਅਖਬਾਰਾਂ ਵਿੱਚ ਦੇ ਕੇ ਫੈਲਾਇਆ ਗਿਆ ਅਤੇ ਕਈਆਂ ਘਟਨਾਵਾਂ ਨੂੰ ''ਧਾਰਮਿਕ ਰੰਗ'' ਵੀ ਦਿੱਤੇ ਗਏ, ਜੋ ਅੰਧ-ਵਿਸ਼ਵਾਸ਼ ਅਤੇ ਜਗੀਰੂ ਰਹਿੰਦ-ਖੂਹੰਦ ਦਾ ਨਤੀਜਾ ਸੀ।

''ਇੰਡੀਸਪੈਂਡ ਵੈਬਸਾਈਟ'' ਦੇ ਅਨੁਸਾਰ 2010 ਤੋਂ 2017 ਵਿੱਚ 63 ਮਾਮਲਿਆਂ ਵਿਚੋਂ 97 ਫੀ-ਸੱਦ ਮਾਮਲੇ ਪਿਛਲੇ ਤਿੰਨਾਂ ਸਾਲਾਂ 'ਚ ਦਰਜ ਹੋਏ। ਜੇਕਰ ਰਿਪੋਰਟ ਦਾ ਅੰਕੜਾ ਮਿੱਥਿਆ ਜਾਵੇ ਤਾਂ 2012 ਤੋਂ ਹੁਣ ਤੱਕ ਫਿਰਕਾਪ੍ਰਸਤੀ ਦੀਆਂ ਅਜਿਹੀਆਂ 168 ਘਟਨਾਵਾਂ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚੋਂ 47 ਲੋਕਾਂ ਦੀਆਂ ਮੌਤਾਂ ਹੋਈਆਂ ਤੇ 175 ਲੋਕ ਗੰਭੀਰ ਰੂਪ 'ਚ ਜਖ਼ਮੀ ਹੋਏ। ਜਨਵਰੀ-2017 ਤੋਂ 2018 ਤੱਕ ਦਰਜ ਕੀਤੇ ਗਏ ਮਾਮਲਿਆਂ ਵਿਚੋਂ ਕੇਵਲ ''ਬੱਚੇ-ਚੋਰੀ'' ਕਰਨ ਦੀਆਂ ਅਫ਼ਵਾਹਾਂ 'ਚ 33-ਲੋਕਾਂ ਦੀ ਮੌਤ ਭੀੜ-ਹਿੰਸਾ ਦੇ ਦੌਰਾਨ ਹੋਈ।

''ਰਾਸ਼ਟਰੀ ਅਪਰਾਧ ਬਿਊਰੋ'' ਅਨੁਸਾਰ 2001 ਤੋਂ 2014 ਤੱਕ ਦੇਸ਼ ਵਿੱਚ 2290 ਇਸਤਰੀਆਂ ਦੀਆਂ ਹਤਿਆਵਾਂ 'ਡਾਇਣ' ਕਹਿ ਕੇ ਕੁੱਟ-ਕੁੱਟ ਕੇ ਭੀੜ ਵਲੋਂ ਕੀਤੀਆਂ ਗਈਆਂ। ਜਿਨ੍ਹਾਂ ਵਿਚੋਂ 464 ਮੌਤਾਂ ਕੇਵਲ ਝਾਰਖੰਡ ਵਿੱਚ ਹੀ ਹੋਈਆਂ। ਇਸੇ ਤਰ੍ਹਾਂ ਉੜੀਸਾ 'ਚ 415, ਆਂਧਰਾਪ੍ਰਦੇਸ਼ 'ਚ 383 ਅਤੇ ਹਰਿਆਣਾ 'ਚ 209 ਮੌਤਾਂ ਭੀੜ ਵਲੋਂ ਕੁੱਟ-ਮਾਰ ਕਰਕੇ ਹੋਈਆਂ। 'ਸਟੇਪਸ ਫਾਊਡੇਸ਼ਨ' ਦੇ ਅਨੁਸਾਰ 28 ਸਤੰਬਰ 2018 ਤੋਂ 7 ਜੂਨ 2019 ਤੱਕ ਇਹੋ ਜਿਹੀਆਂ ਘਟਨਾਵਾਂ ਜੋ ਵਾਪਰੀਆਂ ਸਨ, ਵਿੱਚ 141 ਲੋਕਾਂ ਦੀ ਜਾਨ ਗਈ। ਇਨ੍ਹਾਂ ਵਿਚੋਂ ਮਰਨ ਵਾਲਿਆਂ ਵਿਚ 70 ਲੋਕ ਮੁਸਲਿਮ ਅਤੇ 71ਗੈਰ ਮੁਸਲਿਮ ਸਨ। ਜਿਥੋਂ ਇਹ ਸਿੱਧ ਹੁੰਦਾ ਹੈ, ਕਿ ਭੀੜ ਵਿੱਚ (ਮਾਬ ਲਿੰਚਿਗ) ਆਏ ਇਕ ਖਾਸ ਫਿਰਕੇ ਦੇ ਲੋਕਾਂ ਵਲੋਂ ਫੜਕੇ ਦੂਸਰੇ ਖਾਸ ਧਰਮ, ਜਾਤ ਦਾ ਕੋਈ ਵੀ ਬੰਦਾ ਹੋਵੇ ਫਿਰਕੂ ਨਾਹਰਿਆਂ ਰਾਹੀਂ ਕੁੱਟ-ਕੁੱਟ ਕੇ ਮਾਰ ਦਿਓ ? ਉਪਰੋਕਤ ਘਟਨਾਵਾਂ ਦੇ ਅੰਕੜਿਆਂ ਮੁਤਾਬਿਕ ਸਭ ਤੋਂ ਜ਼ਿਆਦਾ ਘਟਨਾਵਾਂ 2018 'ਚ ਹੋਈਆਂ ਹਨ ਜਦੋਂ ''ਹਿੰਦੂਤਵ ਬੁਖਾਰ ਚੜ੍ਹਾਈ ਤੇ ਸੀ ?''

ਭਾਂਵ ! 2018 'ਚ ਮਾਨਯੋਗ ਸੁਪਰੀਮ ਕੋਰਟ ਨੇ ਮਾਬ ਲਿੰਚਿਗ 'ਤੇ ਰੋਕ ਲਾਉਣ ਤੇ ਜਾਂਚ ਕਰਨ ਦੇ ਕਾਰਨਾਂ ਦਾ ਪਤਾ ਲਾਉਣ ਲਈ ਇਕ ਡੀ.ਐਸ.ਪੀ. ਦੇ ਪੱਧਰ ਤੇ ਕੰਮ ਕਰਦੀ ਪੁਲਿਸ ਅਧਿਕਾਰੀਆਂ ਦੀ ਜਿੰਮੇਵਾਰੀ ਹਰ ਜ਼ਿਲ੍ਹੇ 'ਚ ਭੀੜ ਹਿੰਸਾਂ ਦੀ ਜਾਂਚ ਕਰਨ ਦੇ ਹੁਕਮ (ਆਦੇਸ਼) ਦਿੱਤੇ ਗਏ ਸਨ; ਜਾਂ ! ਇਕ ਵਿਸ਼ੇਸ਼ ਫੋਰਸ ਨੂੰ, ਜੋ ਇਹੋ ਜਿਹੀਆਂ ਵਾਰਦਾਤਾਂ ਦੇਣ ਨੂੰ ਅੰਜਾਮ ਦੇ ਰਹੇ ਹਨ ਜਾਂ ਅਫਵਾਹਾਂ ਫੈਲਾ ਰਹੇ ਹਨ ਵਿਰੁਧ ਗਠਨ ਕਰਨ ਲਈ ਕਿਹਾ ਸੀ। ਮਾਣ-ਯੋਗ ਸੁਪਰੀਮ ਕੋਰਟ ਨੇ ਉਸ ਸਮੇਂ ਟਿੱਪਣੀ ਕੀਤੀ ਸੀ, 'ਕਿ ਦੇਸ਼ ਦਾ ਕੋਈ ਵੀ ਨਾਗਰਿਕ ਆਪਣੇ ਆਪ ਕੋਈ ਵੀ ਕਾਨੂੰਨ ਨਹੀਂ ਬਣਾ ਸਕਦਾ ਅਤੇ ਨਾ ਹੀ ਇਸ ਲੋਕਤੰਤਰ ਦੇਸ਼ ਵਿੱਚ ਇਹੋ ਜਿਹੀ ਭੀੜ ਨੂੰ ਇਜ਼ਾਜ਼ਤ ਹੀ ਦਿੱਤੀ ਜਾਵੇਗੀ?' ਪ੍ਰਤੂੰ ਅਫਸੋਸ ਹੈ ਕਿ 2018 'ਚ ਇਹੋ ਜਿਹੀਆਂ ਮਾਬ ਲਿੰਚਿਗ ਤੇ ਰੋਕ ਲਾਉਣ ਦੀ ਇਨਕੁਆਰੀ ਦਾ ਕੀ ਬਣਿਆ; ਅਜੇ ਤੱਕ ਕੋਈ ਪਤਾ ਨਹੀਂ ਹੈ?

ਇਸ ਦੇ ਬਾਵਜੂਦ ਵੀ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੰਜਾਬ ਵਿਚ ਵੀ, ਜਿਥੇ ਇਹੋ ਜਿਹੀਆਂ ਘਟਨਾਵਾਂ ਕਦੇ ਵਾਪਰੀਆਂ ਹੀ ਨਹੀਂ ਸਨ, ਅੱਜ! ਇਹੋ ਜਿਹੇ ਹੁੜਦੁੰਗਾਂ ਨੇ ਇਥੇ ਵੀ ਪੈਰ ਪਸਾਰ ਲਏ ਲਗਦੇ ਹਨ। ''ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ'' ਦੀਆਂ ਹੋ ਰਹੀਆਂ ਬੇ-ਅਦਬੀਆਂ ਦੇ ਕਾਰਨ ਅਤੇ ਦੋਸ਼ੀਆਂ ਨੂੰ ਫੜਨ ਜਾਂ ਸਜ਼ਾ ਨਾ ਦਿੱਤੇ ਜਾਣ ਕਾਰਨ ਇਹੋ ਜਿਹੀ ਭੀੜ ਵਲੋਂ ਹੁਣ ਸ਼ੱਕ ਵਿੱਚ ਆਏ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰਨ ਦੀਆਂ ਖਬਰਾਂ ਤੇਜ਼ੀ ਨਾਲ ਫੈਲਣ ਕਾਰਨ ਪੰਜਾਬ ਦਾ ਮਹੌਲ ਖਰਾਬ ਕੀਤਾ ਜਾ ਰਿਹਾ ਹੈ। ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਯੋਧਿਆਂ, ਸੂਫ਼ੀ-ਸੰਤਾਂ, ਮਹਾਂਪੁਰਸ਼ਾਂ, ਇਨਕਲਾਬੀਆਂ ਤੇ ਗਦਰੀ ਬਾਬਿਆਂ ਦੀ ਧਰਤੀ ਹੈ। ਸਾਡੇ ਗੁਰੂਆਂ ਨੇ ਲੋਕਾਈ ਨੂੰ ਸਹਿਣ-ਸ਼ੀਲਤਾ ਦਾ ਉਪਦੇਸ਼ ਦਿੱਤਾ ਸੀ। ਪਰ! ਅੰਜ ਪੰਜਾਬ 'ਚ ਵੀ ਜਾਤਾਂ-ਧਰਮਾਂ ਅਤੇ ਬੇਅਦਬੀਆਂ ਦੇ ਨਾਂ ਤੇ, ਬਿਨ੍ਹਾਂ ਕਿਸੇ ਦੀ ਸ਼ਨਾਖਤ ਕੀਤਿਆਂ ਪਿਛਲੇ ਦਿਨੀ ਕਪੂਰਥਲਾ ਵਿਖੇ ਇਕ ਨਾਗਰਿਕ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਵੀ ਇਕ ਇਹੋ ਜਿਹੀ ਮੰਦਭਾਗੀ ਘਟਨਾ ਵਾਪਰੀ ਸੀ। ਜੋ ਨਿੰਦਣਯੋਗ ਹੈ। ਅਜਿਹੀਆਂ ਘਟਨਾਵਾਂ ਸਿਰਫ ਮੰਦਭਾਗੀਆਂ ਹੀ ਨਹੀਂ ਹਨ; ਸਗੋਂ ਤੇ ਹਾਕਮਾਂ ਲਈ ਵੀ ਇਕ ਚੁਨੌਤੀ ਹੈ ਅਤੇ ਅਮਨ ਪਸੰਦ ਲੋਕ ਇਹੋ ਜਿਹੀਆਂ ਦੋਨੋਂ ਪੱਖ ਦੀਆਂ ਘਟਨਾਵਾਂ ਵਾਪਰਨ ਤੇ ਚਿੰਤਾਂ ਜਾਹਿਰ ਕਰ ਰਹੇ ਹਨ। ''ਪਛਤਾਂਵਾ ਸਮਾਗਮ'' ਕਰਕੇ ਹੀ ਇਹੋ ਜਿਹੀਆਂ ਘਟਨਾਵਾਂ ਨਹੀਂ ਰੁੱਕ ਸਕਦੀਆਂ, ਸਗੋਂ ਭੀੜ ਵਲੋਂ ਮਾਰਨ ਵਾਲੇ ਲੋਕਾਂ ਨੂੰ ਸੱਖਤ ਸਜ਼ਾਵਾਂ ਦਿੱਤੀਆਂ ਜਾਣ। ਪਹਿਲਾਂ ਵੀ ਸਾਲ 2015 ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਦੋਸ਼ੀਆਂ ਨੂੰ ਸਜਾਵਾਂ ਨਾ ਮਿਲਣ ਕਾਰਨ ਹਾਲਾਤਾਂ 'ਚ ਅਜੇ ਗੁੱਸਾ ਪੂਰੀ ਤਰ੍ਹਾਂ ਭਰਿਆ ਪਿਆ ਹੈ। ਜਿਸ ਲਈ ਸਰਕਾਰਾਂ ਵੀ ਖੁੱਦ ਜਿੰਮੇਵਾਰ ਹਨ।

ਅਜਿਹੀਆਂ ਘਟਨਾਵਾਂ ਕਾਰਨ ਅੱਜ! ਦੇਸ਼ ਦਾ ਹਰ ਨਾਗਰਿਕ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਨਾ ਤਾਂ, ਦੇਸ਼ ਦੇ ਹਾਕਮ ਤੇ ਨਾ ਹੀ ਰਾਜ ਸਰਕਾਰਾਂ ਨੂੰ ਲੋਕਾਂ ਦੇ ਮਸੱਲਿਆਂ ਨੂੰ ਹੱਲ ਕਰਨ ਦੀ ਚਿੰਤਾ ਹੈ। ਲੋਕਾਂ 'ਚ ਰੋਹ ਫੈਲ ਰਿਹਾ ਹੈ, ਕਿ ਇਨ੍ਹਾਂ ਹਾਲਾਂਤਾ ਲਈ ਰਾਜਨੀਤਕ ਪਾਰਟੀਆਂ ਹੀ ਜੁੰਮੇਵਾਰ ਹਨ ਕਿਉਂਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਆਪਣੀ ਗਦੀ ਕਾਇਮ ਰੱਖਣ ਲਈ ਇਹੋ ਜਿਹੀ ਭੀੜ ਦਾ ਸਹਾਰਾ ਲੈ ਕੇ ਲੋਕਾਂ ਨੂੰ ਧਰਮ, ਜਾਤ ਤੇ ਫਿਰਕਾਪ੍ਰਸਤੀ ਦੇ ਨਾਂ ਤੇ ਲੜਾ ਕੇ, ਆਪਸੀ ਕੁੱਟ-ਮਾਰ ਕਰਾ ਕੇ, ਮਾਰਾ-ਮਾਰੀ ਕਰਾ ਰਹੀਆਂ ਹਨ। ਇਹੋ ਜਿਹੀਆਂ ਵਾਪਰੀਆਂ ਦੁੱਖਦਾਈ ਘਟਨਾਵਾਂ ਦੇ ਪੀੜਤ ਲੋਕਾਂ ਨਾਲ ਸਗੋਂ ਰਾਜਨੀਤਕ ਪਾਰਟੀਆਂ ਵਲੋਂ ਹਮਦਰਦੀ ਵੀ ਨਹੀਂ ਪ੍ਰਗਟਾਈ ਜਾ ਰਹੀ ਹੈ। ਇਹੋ ਜਿਹੀ ਹੀ ਇਕ ਸਨਸਨੀ ਖੇਜ਼ ਘਟਨਾ ਪਿਛਲੇ ਦਿਨੀ ਕਿਸਾਨੀ ਮੋਰਚੇ ਦੌਰਾਨ ਵੀ ਘਟੀ ਸੀ। ਜੋ ਸਿਰਫ਼ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਇਕ ਸਾਜਿਸ਼ ਸੀ। 2021 ਦੇ ਕ੍ਰਿਸਮਿਸ ਮੌਕੇ 'ਤੇ ਵੀ ਅੰਬਾਲਾ ਕੈਂਟ ਦੇ ਚਰਚ, ਆਸਾਮ ਤੇ ਆਗਰਾ ਵਿੱਚ ਵੀ ਈਸਾਈ ਭਾਈਚਾਰੇ ਦੇ ਲੋਕਾਂ ਤੇ ਹੋਏ ਹਮਲਿਆਂ ਤੇ ''ਯਿਸ਼ੂ ਮਸੀਹ ਦੇ ਬੁੱਤ'' ਦੀ ਤੋੜ-ਭੰਨ ਕੀਤੀ ਗਈ। ਅਸਾਮ ਵਿੱਚ ਚਰਚ ਵਿੱਚ ਹੋ ਰਹੇ ਸਮਾਰੋਹ ਸਮੇਂ ''ਭਗਵੇਂ ਮਫ਼ਲਰ'' ਵਾਲੇ ਇਕ ਸਮੂਹ ਨੇ ਵੀ ਵੱਡਾ ਹੁੜਦੁੰਗ ਮਚਾਇਆ ਸੀ। ਇਸੇ ਤਰ੍ਹਾਂ ਆਗਰੇ ਦੀ ਘਟਨਾ ਵਿੱਚ ਬਜਰੰਗ-ਦੱਲ ਦੇ ਆਗੂਆਂ ਦੀ ਭੂਮਿਕਾ ਵੀ ਨੰਗੀ ਹੋ ਗਈ ਜੋ ਅਜਿਹੀਆਂ ਘਟਨਾਵਾਂ ਅਤਿ ਨਿੰਦਣਯੋਗ ਹਨ।

ਗੈਰ ਸਰਕਾਰੀ ਜੱਥੇਬੰਦੀਆਂ ''ਯੂਨਾਈਟਿਡ ਅਗੇਂਸਟ-ਹੇਟ, ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਸਿਵਲ ਰਾਈਟਸ ਅਤੇ ਯੂਨਾਈਟਿਡ ਕ੍ਰਿਸਚਿਅਨ ਫੋਰਸ'' ਵਲੋਂ ਜਾਰੀ ਇਕ ਖੋਜ਼ ਰਿਪੋਰਟ 'ਚ ਇਸ ਸਾਲ ਈਸਾਈਆਂ 'ਤੇ ਭੀੜ ਵਲੋਂ ਕੀਤੇ ਹਮਲਿਆਂ 'ਚ 300 ਤੋਂ ਵੀ ਵੱਧ ਮਾਮਲੇ ਦਰਜ ਹੋਏ ਹਨ। ਪਹਿਲੇ ਨੰਬਰ ਤੇ ਉਤਰ ਪ੍ਰਦੇਸ਼ (ਕਰਮਵਾਰ) ਛੱਤੀਸਗੜ੍ਹ, ਉਤਰਾਖੰਡ, ਕਰਨਾਟਕ, ਹਰਿਆਣਾ ਅਤੇ ਛੇਵਾਂ ਦਿੱਲੀ ਵਿੱਚ ਲਗਾਤਾਰ ਹਮਲੇ ਹੋਏ ਹਨ।

ਭਾਂਵੇ! ਭਾਰਤ ਦੇ ਸੰਵਿਧਾਨ ਵਿੱਚ ''ਅਸੀਂ'' ਸ਼ਬਦ ਦੇਸ਼ ਵਿੱਚ ਵਸਦੇ ਸਾਰੇ ਨਾਗਰਿਕਾਂ ਲਈ ਹੀ ਵਰਤਿਆ ਜਾ ਰਿਹਾ ਹੈ; ਪਰ ! ਜਦੋਂ ''ਮਾਬ ਲਿੰਚਿਗ'' ਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਇਸ ''ਅਸੀ'' ਸ਼ਬਦ ਤੇ ਪ੍ਰਸ਼ਨ-ਚਿੰਨ੍ਹ ਲਗ ਜਾਂਦਾ ਹੈ ? ਦੇਸ਼ ਵਿੱਚ ਅੱਜ ਜਾਤਾਂ, ਧਰਮਾਂ, ਭਾਸ਼ਾਵਾਂ, ਖਿੱਤਿਆਂ ਤੇ ਭੜਕਾਊ ਨਾਅਰੇ ਲਾ ਕੇ ਇਕ ਫਿਰਕੇ ਦੇ ਲੋਕਾਂ ਵਲੋਂ ਘੱਟ-ਗਿਣਤੀਆਂ ਤੇ ਰਾਜਨੀਤੀ ਦੀ ਆੜ ਹੇਠ ਭੀੜ ਰਾਹੀਂ ਬਿਨ੍ਹਾਂ ਤਸਦੀਕ ਕੀਤਿਆਂ ਕੁੱਟ-ਮਾਰ ਤੇ ਜਾਨੋ ਮਾਰਨ ਦੀਆਂ ਅਜਿਹੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜੋ ਦੇਸ਼ ਦੀ ਏਕਤਾ-ਅਖੰਡਤਾ ਲਈ ਖਤਰਾ ਹੈ।

ਮਨੋਵਿਗਿਆਨੀ ''ਜੀ.ਲੀ.ਬਾਨ'' ਨੇ 19-ਵੀ-ਸਦੀ ਦੇ ਅੰਤ ਵਿੱਚ ਆਪਣੀ ਲਿਖੀ ਪ੍ਰਸਿੱਧ ਕਿਤਾਬ ''ਦੀ ਕਰਾਊਡ'' 'ਚ ਬਹੁਤ ਹੀ ਚੰਗੀ ਤਰ੍ਹਾਂ ਸਮਝਾਇਆ ਹੈ, ''ਕਿ ਭੀੜ ਵਿੱਚ ਸ਼ਾਮਲ ਲੋਕ ਭਾਵੇਂ! ਕਿਸੇ ਵੀ ਤਰ੍ਹਾਂ ਦੇ ਹੋਣ, ਪਰ! ਸਚਾਈ ਇਹ ਹੈ; ਕਿ ਉਹ ਭੀੜ ਦਾ ਹਿੱਸਾ ਬਣ ਚੁੱਕੇ ਹਨ। ਭਾਵ! ਉਨ੍ਹਾਂ ਦੀ ਸੋਚਣ ਸਮਝਣ ਦੀ ਮਨੋਦਸ਼ਾ ਸਮੂਹਿਕ ਭੀੜ ਨਾਲ ਜੁੜ ਜਾਂਦੀ ਹੈ। ਇਹ ਇਕੱਠ ਤੈਅ ਕਰਦਾ ਹੈ; ਕਿ ਉਹ ਵਿਅਕਤੀ ਕਿਵੇਂ ਸੋਚੇਗਾ। ਮਹਿਸੂਸ ਕਰੇਗਾ ਤੇ ਕਿਸੇ ਖਾਸ ਸਮੇਂ ਤੇ ਕਿਸ ਤਰਾਂ ਦੀ ਪ੍ਰੀਕ੍ਰਿਆ ਦੇਵੇਗਾ।''

ਬੁੱਧੀਜੀਵੀਆਂ ਦਾ ਮੰਨਣਾ ਹੈ;''ਕਿ ਇਹ ਇਕ ''ਰਾਜਨੀਤਕ ਹੱਥਕੰਡਾ'' ਹੈ। ਜਿਸ ਵਿੱਚ ਦੇਸ਼ ਦੇ ਵੱਖ-ਵੱਖ ਗੁੱਟਾਂ ਦੇ ਲੋਕ ਧਰਮ ਦੇ ਨਾਂ ਤੇ ਫਿਰਕਿਆਂ ਨੂੰ ਲੜਾਉਣ ਦੀ ਕੋਸ਼ਿਸ਼ ਵਿੱਚ ਹਨ। ਜਿਵੇਂ ਰਾਸ਼ਟਰਵਾਦ, ਗਊ ਰੱਖਿਆ, ਲਵ-ਜਿਹਾਦ, ਡਾਇਣ, ਜਾਦੂਗਰਨੀ, ਬੱਚਾ ਚੋਰ, ਧਾਰਮਿਕ, ਅਫ਼ਵਾਹਾਂ ਫੈਲਾ ਕੇ ਤੇ ਹੋਰ ਕਈ ਮਾਮਲਿਆ ਵਿੱਚ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਜਾਣਾ। ਤਾਂ! ਜੋ ਉਹ ਆਪਸ 'ਚ ਲੜਨ ਤੇ ਰਾਜਨੀਤਕ ਦਲ ਉਨ੍ਹਾਂ ਉਪੱਰ ਰਾਜ ਕਰਨ। ਮਸਲਨ (ਡੀਵਾਈਡ ਐਂਡ ਰੂਲ) ਪਾੜੋ ਤੇ ਰਾਜ ਕਰੋ ਦੀ ਨੀਤੀ। ਇਨ੍ਹਾਂ ਲੋਕਾਂ 'ਚ ਫੁੱਟ ਪਾਓ ਤੇ ਰਾਜ ਕਰੋ, ਇਹ 21-ਵੀਂ ਸਦੀ ਦਾ ਤਰੀਕਾ ਹੈ।''

ਭਾਰਤ ''ਸੰਸਾਰ ਸੁੱਖ ਸ਼ਾਂਤੀ ਦੇ ਇੰਡੈਕਸ'' ਦੇ 163 ਦੇਸ਼ਾਂ ਦੇ ਅੰਦਰ 137ਵੇਂ ਥਾਂ ਤੇ ਆਉਂਦਾ ਹੈ। ਲੋਕਾਂ ਨੂੰ ਸੁਰੱਖਿਆ ਤੇ ਬਚਾਅ, ਝਗੜਿਆਂ ਤੋਂ ਮੁਕਤ ਰੱਖਣ ਲਈ ਅਸੀਂ ਬਹੁਤ ਪਿਛੇ ਹਾਂ। ਸਾਲ 2013 ਤੋਂ ਲੈ ਕੇ 2021 ਤੱਕ ਅਜਿਹੀਆਂ ਘਟਨਾਵਾਂ 'ਚ ਵਾਧਾ ਹੋਣਾ, ਜਿਥੇ ਇਕ ਪਾਸੇ ਅੰਧ-ਵਿਸ਼ਵਾਸ਼ ਨੂੰ ਫੈਲਾਇਆ ਜਾ ਰਿਹਾ ਹੈ; ਉਥੇ ਦੇਸ਼ ਅੰਦਰ ਵਿਗਿਆਨਕ ਸੋਚ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ; ਜੋ ਹਿੰਦੂਤਵ ਦੀ ਯੋਜਨਾ ਦੀ ਪੂਰਤੀ ਦਾ ਮੁੱਖ ਹਿੱਸਾ ਹੈ।

ਪਿਛਾਂਹ-ਖਿੱਚੂ, ਸ਼ਾਵਨਵਾਦੀ ਅਤੇ ਧਾਰਮਿਕ ਕਟੜਵਾਦੀ ਵਿਚਾਰ ਧਾਰਾ ਤੇ ਤਾਕਤਾਂ ਵਿਰੁੱਧ ਸਾਰੀਆਂ ਹੀ ਧਰਮ-ਨਿਰਪੱਖ ਤੇ ਜਮਹੂਰੀ ਸ਼ਕਤੀਆਂ ਨੂੰ ਇਕ ਜੁੱਟ ਹੋ ਕੇ ਇਨਾਂ ਵਹਿਸ਼ੀ ਤੇ ਭੜਕਾਊ ਨਾਅਰੇ ਦੇਣ ਵਾਲੀਆਂ ਸ਼ਕਤੀਆਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ।

# ਚੋਣਾਂ ਵਲ ਧਿਆਨ ਖਿਚਕੇ ਅਸਲ ਮੁਦੇ ਭੁਲਾਉਣ ਦੀ ਕੋਸ਼ਿਸ਼

ਆਓ ਵਿਚਾਰ ਕਰੀਏ

ਸਾਡੇ ਮੁਲਕ ਵਿੱਚ ਪਰਜਾਤੰਤਰ ਆ ਗਿਆ ਹੈ ਅਤੇ ਇਸ ਗੱਲ ਦਾ ਇਕ ਹੀ ਸਬੂਤ ਅਜ ਤਕ ਸਾਡੇ ਸਾਹਮਣੇ ਆਇਆ ਹੈ ਕਿ ਸਾਡੇ ਮੁਲਕ ਵਿੱਚ ਹਰ ਪੰਜਾਂ ਸਾਲਾਂ ਬਾਅਦ ਚੋਣਾਂਕਰਵਾਈਆਂ ਜਾ ਰਹੀਆਂ ਹਨ ਅਤੇ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਉਹੀ ਪੁਰਾਣੇ ਰਾਜਸੀ ਲੋਕੀਂ ਹਨ ਜਿਹੜੇ ਕਦੀ ਕਿਸ ਗਰੁਪ ਵਿੱਚ ਅਤੇ ਕਦੀ ਕਿਸ ਗਰੁਪ ਵਿੱਚਆਕੇ ਚੋਣਾਂ ਲੜਦੇ ਆ ਰਹੇ ਹਨ ਅਤੇ ਅਸੀਂ ਇਹ ਵੀ ਦੇਖੀ ਜਾ ਰਹੇ ਹਾਂ ਕਿ ਕਦੀ ਕੋਈਟੀਮ ਜਿਤ ਜਾਂਦੀ ਹੈ, ਕਦੀ ਕੋਈਟੀਮ ਹਾਰ ਜਾਂਦੀ ਹੈ। ਅਸੀਂ ਇਹਵੀ ਦੇਖ ਲਿਆ ਹੈ ਕਿ ਕੁਝ ਹਸਤੀਆਂਹਨ ਜਿਹੜੀਆਂ ਨੇ ਆਪਣੇ ਆਪਨੂੰ ਵਿਅਕਤੀਵਿਸ਼ੇਸ਼ ਘੋਸ਼ਿਤ ਕਰ ਰਖਿਆ ਹੈ ਅਤੇ ਉਹ ਬਸ ਇਹੀ ਚਾਹ ਰਹੇ ਹਨ ਕਿ ਉਹ ਤਾਂ ਬਸ ਸਿਰਫ ਅਤੇ ਸਿਰਫ ਪ੍ਰਧਾਨ ਮੰਤਰੀ ਜਾਂ ਮੁਖ ਮੰਤਰੀ ਹੀ ਬਣਨ ਆਏ ਹਨ ਅਤੇ ਬਹੁਤ ਹੀ ਮਜਬੂਰੀ ਦੀ ਹਾਲਤ ਵਿੱਚਆਮ ਐਮ ਪੀ ਜਾਂ ਐਮਐਲਏ ਬਣਨਗੇ ਅਤੇ ਕੋਸ਼ਿਸ਼ ਇਹੀ ਕਰਦੇ ਰਹਿਣਗੇ ਕਿ ਜਿਸ ਕਿਸੇ ਦੀ ਵੀ ਸਰਕਾਰ ਬਣ ਗਈ ਹੈ ਉਹ ਆਰਾਮ ਨਾਲ ਕੰਮ ਨਾ ਕਰ ਸਕੇ। ਇਹ ਹਸਤੀਆਂ ਤਾਂ ਇਹਵੀ ਚਾਹ ਰਹੀਆਂ ਹੁੰਦੀਆਂ ਹਨ ਕਿ ਕੋਈ ਹੋਰ ਪੰਜ ਸਾਲ ਰਾਜ ਕਿਉਂ ਕਰੇ।

ਸਾਡੇ ਮੁਲਕ ਵਿੱਚ ਜਦ ਇਹ ਨਵੀਂ ਜਿਹੀ ਆਜ਼ਾਦੀ ਆਈ ਸੀ ਤਾਂ ਇਕ ਹੀ ਆਦਮੀ ਸਾਹਮਣੇ ਆ ਗਿਆ ਸੀ ਅਤੇ ਕਈ ਦਹਾਕੇ ਉਹੀ ਆਦਮੀ ਅਤੇ ਉਸਦਾ ਖਾਨਦਾਨ ਅਸਾਂ ਰਾਜ ਕਰਦਾ ਵੀ ਦੇਖਿਆ ਹੈ। ਪਰ ਇਸ ਮੁਲਕ ਵਿੱਚ ਇਤਿਹਾਸ ਵੀ ਗਵਾਹ ਹੈ ਕਿ ਕੋਈ ਵੀ ਰਾਜ ਪ੍ਰਥਾ ਇਸ ਮੁਲਕ ਵਿੱਚ ਹਮੇਸ਼ਾਂਲਈ ਚਲਦੀ ਨਹੀਂਰਹਿੰਦੀ ਹੈ ਅਤੇ ਇਹ ਖਾਨਦਾਨੀ ਰਾਜ ਵੀ ਬਦਲ ਗਿਆ ਹੈ ਅਤੇ ਅਜ ਕਲ ਰਾਜ ਵਿਅਕਤੀਵਿਸ਼ੇਸ਼ ਕਰ ਰਹੇ ਹਨ ਅਤੇ ਹਰ ਪੰਜਾਂ ਸਾਲਾ ਬਾਅਦ ਜਦ ਚੋਣਾ ਆ ਜਾਂਦੀਆਂ ਹਨ ਤਾਂ ਇਹ ਵਿਅਕਤੀਵਿਸ਼ੇਸ਼ ਸਾਹਮਣੇ ਚਮਕਣ ਲਗ ਪੈਂਦੇ ਹਨ ਅਤੇ ਲੋਕਾਂ ਦਾ ਮਨ ਬਣਨ ਲਗ ਜਾਦਾ ਹੈ ਕਿ ਅਗਲਾ ਪ੍ਰਧਾਨ ਮੰਤਰੀ ਕੋਣ ਬਣੇਗਾ ਅਤੇ ਇਸੇ ਤਰ੍ਹਾਂ ਇਸ ਮੁਲਕ ਵਿੱਚ ਕੁਝ ਹਸਤੀਆਂ ਹਰ ਸੂਬੇ ਵਿੱਚ ਵੀ ਸਾਹਮਣੇ ਚਮਕਣ ਲਗ ਪੈਂਦੀਆਂ ਹਨ ਕਿ ਇੰਨ੍ਹਾਂ ਵਿਚੋਂ ਕੌਣ ਸੂਬੇ ਦਾ ਮੁਖ ਮੰਤਰੀ ਬਣ ਜਾਵੇਗਾ।

ਇਸ ਮੁਲਕ ਵਿੱਚ ਲੋਕਾਂ ਦੀਆਂ ਸਮਸਿਆਵਾਂ ਬਹੁਤ ਹਨ ਅਤੇ ਲੋਕਾਂ ਨੂੰ ਆਪਣੀਆਂ ਸਮਸਿਆਵਾਂ ਦੀ ਜਾਣਕਾਰੀ ਹੈ ਅਤੇ ਇਹ ਰਾਜਸੀ ਲੋਕੀਂ ਵੀ ਜਿਹੜੇ ਬਾਹਰ ਸਾਫ ਖਲੌਤੇ ਹਨ ਇਹ ਵੀ ਜਾਣਦੇਹਨ ਕਿ ਲੋਕਾ ਦੀਆਂ ਸਮਸਿਆਵਾਂ ਕੀ ਹਨ। ਦੋਹਾਂ ਧਿਰਾਂ ਨੂੰ ਜਾਣਕਾਰੀ ਹੈ, ਪਰ ਅਫਸੋਸ ਇਸਗਲ ਦਾ ਹੈ ਕਿ ਅਜ ਤਕ ਕਿਸੇ ਨੇ ਵੀ ਇਹ ਸੋਚਕੇ ਇਹ ਨਹੀਂ ਦਸਿਆ ਕਿ ਇਹ ਵਾਲੀਆਂ ਸਮਸਿਆਵਾਂ ਹਲ ਕਿਵੇਂ ਕੀਤਆਂ ਜਾ ਸਕਦੀਆਂ ਹਨ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਮੁਲਕ ਵਿੱਚ ਮਾਹਿਰ ਲੋਕਾਂ ਦੀ ਕਮੀ ਨਹੀਂ ਹੈ ਪਰ ਇਸ ਮੁਲਕ ਵਿੱਚ ਦੋ ਹੀ ਧਿਰਾਂ ਸਾਹਮਣੇਹਨ ਇਕ ਹੈ ਜੰਤਾ ਅਤੇ ਦੂਜੀ ਹੈ ਰਾਜਸੀ ਲੋਕੀਂ ਅਤੇ ਹਰ ਵਕਤ ਲੋਕਾਂ ਦੀ ਸੋਚ ਬਸ ਰਾਜਸੀ ਲੋਕ ਇਕ ਹੀ ਪਾਸੇ ਵਲ ਖਿਚੀ ਰਖਦੇਹਨ ਕਿ ਕਿਹੜਾ ਰਾਜਸੀ ਆਦਮੀ ਕੀ ਹੈ ਅਤੇ ਕਿਸਦਾ ਰਾਜ ਹੋਣਾ ਚਾਹੀਦਾ ਹੈ।

ਅਸਾਂ ਦੇਖਿਆ ਹੈ ਕਿ ਕਈ ਦਹਾਕੇ ਇਸ ਮੁਲਕ ਵਿੱਚ ਇਕ ਹੀ ਖਾਨਦਾਨਰਾਜ ਕਰਦਾ ਰਿਹਾ ਹੈ ਅਤੇ ਇਸ ਖਾਨਦਾਨ ਨੇਅਗਰ ਕਿਸੇ ਹੋਰ ਨੂੰ ਥਾਂ ਵੀ ਦਿਤੀ ਹੈ ਤਾਂ ਇਹ ਆਦਮੀ ਇਸ ਖਾਨਦਾਨ ਤੋਂ ਆਜ਼ਾਦ ਨਹੀਂ ਸਨ ਬਲਕਿ ਇਹ ਆਖਿਆ ਜਾ ਸਕਦਾ ਹੈ ਕਿ ਇਹ ਆਦਮੀ ਬਸ ਖਾਨਾਪੁਰੀ ਹੀ ਕਰਦੇ ਰਹੇ ਹਨ ਅਤੇ ਅਸਲ ਤਾਕਤ ਹਮੇਸ਼ਾਂ ਇਸ ਖਾਨਦਾਨ ਪਾਸ ਹੀ ਰਹੀ ਹੈ ਅਸਾਂ ਦੇਖਿਆ ਕਿ ਲੋਕਾਂ ਨੇ ਤੰਗ ਆਕੇ ਇਸਖਾਨਦਾਨ ਪਾਸੋਂ ਰਾਜ ਖੋਹ ਲਿਆ ਸੀ ਅਤੇ ਇਕ ਦੂਜੀ ਧਿਰ ਦੀ ਵਾਰੀ ਵੀਆ ਗਈ ਸੀ ਅਤੇ ਇਥੇ ਵੀ ਅਸਾਂ ਇਹ ਦੇਖਿਆ ਹੈ ਕਿ ਕਿਸੇ ਪਾਰਟੀ ਦੀ ਜਿਤ ਨਹੀਂ ਹੋਈ ਸੀ ਬਲਕਿ ਇਕ ਹੋਰ ਵਿਅਕਤੀਵਿਸ਼ੇਸ਼ ਆ ਗਿਆ ਸੀ ਅਤੇ ਅਸਾਂ ਉਸਦਾ ਰਾਜ ਵੀ ਦੇਖ ਲਿਆ ਹੈ। ਅਸਾਂ ਇਹ ਵੀਦੇਖ ਲਿਆ ਹੈ ਕਿ ਇਹ ਵਾਲਾ ਵਿਅਕਤੀਵਿਸ਼ੇਸ਼ ਵੀ ਕਿਸੇ ਗੁਣਾਂ ਦੇਆਧਾਰ ਉਤੇ ਨਹੀਂ ਸੀ ਆਇਆ ਬਲਕਿ ਇਹ ਆਖ ਲਓ ਕਿ ਪਹਿਲਾਂ ਰਾਜ ਬਹੁਤ ਦਹਾਕੇ ਚਲ ਬੈਠਾ ਸੀ ਅਤੇ ਲੋਕ੍ਰੀਂ ਬਦਲਾਓ ਚਾਹ ਰਹੇ ਸਨ।

ਅੱਜ ਪੌਣੀ ਸਦੀ ਦਾ ਸਮਾਂ ਲਦ ਗਿਆ ਹੈ ਅਤੇ ਸਾਨੂੰ ਅਜ ਤਕ ਕਿਸੇ ਨੇ ਇਹ ਸੋਚਣ ਦਾ ਸਮਾਂ ਹੀ ਨਹੀਂ ਦਿਤਾ ਹੈ ਕਿ ਅਸੀਂ ਵਿਚਾਰ ਕਰ ਸਕੀਏ ਕਿ ਇਸ ਆਜ਼ਾਦੀ ਅਤੇ ਇਸ ਵਾਲੇ ਪਰਜਾਤੰਤਰ ਨਾਲ ਸਾਡੇ ਮੁਲਕ ਵਿੱਚ ਕਿਹੜੀਆਂ ਕਿਹੜੀਆਂ ਸਮਸਿਆਵਾਂ ਹਲ ਹੋਗਈਆਂ ਹਨ ਅਤੇ ਹਾਲਾਂ ਕਿਹਡੀਆਂ ਕਿਹੜੀਆਂ ਬਕਾਇਆ ਹਨ। ਹਰ ਸਰਕਾਰ ਆ ਜਾਂਦੀ ਹੈ ਅਤੇ ਸਾਡੀ ਮਾੜੀ ਮੋਟੀਮਲ੍ਹਮ ਪੱਟੀ ਕਰਕੇ ਚਲੀ ਜਾਂਦੀ ਹੈ ਅਤੇਅਸੀਂ ਪੰਜ ਸਾਲ ਚੁਪ ਕਰਕੇ ਕਟੀ ਜਾਂਦੇ ਹਾਂ ਅਤੇ ਇਵੇਂ ਹੀ ਕਰਦਿਆਂ ਅਜ ਪੌਣੀ ਸਦੀ ਦਾ ਸਮਾਂ ਲਦ ਗਿਆ ਹੈ।

ਅਸੀਂ ਸਾਡੀਆਂ ਹੀ ਚੁਣੀਆਂ ਸਦਨਾ ਦੀ ਕਾਰਵਾਈ ਆਪਣੀ ਅਖੀਂ ਦੇਖਦੇ ਆ ਰਹੇ ਹਾਂ ਅਤੇਹਾਲਾਂ ਤਕ ਕਿਸੇ ਵੀ ਵਿਧਾਇਕ ਨੇਸਾਡੀਆਂ ਮੁਸ਼ਕਿਲਾਂ ਦੀ ਸੁਧਾਈ ਲਈ ਕੋਈ ਬਿਲ ਜਾਂ ਸਕੀਮ ਬਣਾਕੇ ਕਿਸੇ ਵੀ ਸਦਨ ਵਿੱਚ ਨਹੀਂ ਰਖਹ ਹੈ। ਸਾਡੀਆਂ ਮੁਖ ਸਮਸਿਆਵਾਂ ਸਨ ਗਰੀਬੀ, ਝੁਗੀਆਂ, ਭੁਖ ਨੰਗ, ਬੇਰੁਜ਼ਗਾਰੀ, ਕਚੇ ਮਕਾਨ, ਛੋਟੇ ਮਕਾਨ, ਟੱਟੀਆਂ ਗੁਸਲਖਾਨਿਆ ਬਗੈਰ ਮਕਾਨ, ਇਕ ਹੀ ਕੰਮਰੇ ਵਿੱਚ ਕਈ ਕਈ ਜੋੜੀਆਂ ਦਾ ਰਾਤੀ ਸੋਣਾ ਵਾਲੀ ਵਡੀ ਸਮਸਿਆ, ਸਭ ਕੁਝ ਬਾਜ਼ਾਰ ਵਿੱਚ ਆ ਗਿਆ ਹੈ ਪਰ ਬਹੁਤੇ ਲੋਕੀਂ ਇਹ ਸਾਰਾ ਕੁਝ ਦੇਖੀ ਜਾਂਦੇ ਹਨ, ਪਰ ਖਰੀਦ ਨਹੀਂ ਸਕਦੇ, ਵਿਦਿਆ ਅਦਾਰੇ ਆਮ ਹਨ, ਪਰਹ ਰ ਕੋਈ ਵਾਜਬ ਜਿਹੀ ਵਿਦਿਆ ਪਾ ਨਹੀਂ ਰਿਹਾ ਹੈ, ਸਿਖਲਾਈ ਅਦਾਰੇ ਆਮ ਹਨ, ਪਰ ਹਰ ਕੋਈ ਸਿਖਿਆ ਲੈ ਨਹੀਂ ਪਾ ਰਹਿਾ ਹੈ, ਅਨਾਜ ਦੇ ਭੰਡਾਰ ਹਨ, ਪਰ ਹਾਲਾਂ ਵੀ ਬਹੁਤੀ ਲੋਕੀਂ ਰਾਤੀ ਭੁਖੇ ਜ ਅਧਭੁਖੇ ਹੀ ਸੋਂਦੇ ਹਨ। ਇਸ ਮੁਲਕ ਵਿੱਚ ਦਵਾਈਆਂ ਵੀ ਆ ਗਈਆਂ ਹਨ, ਡਾਕਟਰ ਵੀ ਹਨ, ਪਰ ਬਹੁਤੇ ਲੋਕਾਂ ਦੀ ਸਿਹਤ ਕਮਜ਼ੋਰ ਹੈ ਜਾਂ ਵਕਤੋਂ ਪਹਿਲਾਂ ਹੀ ਮਰ ਜਾਂਦੇਹਨ ਕਿਉਂਕਿ ਇਹ ਆਪਣਾ ਇਲਾਜ ਨਹੀਂ ਕਰਵਾ ਪਾ ਰਹੇ ਹਨ।

ਇਸ ਮੁਲਕ ਦੇ ਰਾਜਸੀ ਲੋਕਾਂ ਦਾ ਰਾਜ ਆ ਗਿਆ ਹੈ ਜਿਹੜੇ ਸਾਰੇ ਦੇ ਸਾਰੇ ਇਕ ਹੀ ਕਿਸਮ ਦੇ ਹਨ ਅਤੇ ਟੀਮਾਂ ਬਣਾਕੇ ਸਾਡੇ ਸਾਹਮਣੇ ਆਈ ਜਾ ਰਹੇ ਹਨ ਅਤੇ ਅਸੀਂ ਇੰਨ੍ਹਾਂ ਨੂੰ ਹੀ ਵੋਟਾ ਪਾਉਣ ਲਈ ਮਜਬੂਰ ਕਰ ਦਿਤੇ ਜਾਂਦੇ ਹਾਂ ਅਤੇ ਹਰ ਪੰਜਾ ਸਾਲਾ ਬਾਅਦ ਇਕ ਟੀਮ ਚਲੀ ਜਾਂਦੀ ਹੈ ਦੂਜੀ ਆ ਜਾਂਦੀ ਹੈ। ਸਾਨੂੰ ਲੋਕਾਂ ਨੂੰਤਾਂ ਇਹ ਵੀ ਪਤਾ ਨਹੀਂ ਹੈ ਕਿ ਜਿਹੜੀ ਟੀਮ ਚਲੀ ਗਈ ਹੈ ਉਸ ਵਿੱਚ ਕੀ ਨੁਕਸ ਸਨ ਅਤੇ ਜਿਹੜੀ ਇਹ ਟੀਮ ਆ ਗਈ ਹੈ ਇਸ ਵਿੱਚ ਕੀ ਗੁਣ ਹਨ ਅਤੇ ਲੋਕਾਂ ਦੀ ਇਹ ਚੁਪੀ ਰਾਜਸੀ ਲੋਕਾਂ ਦੇ ਕੰਮ ਆਈ ਜਾਂਦੀ ਹੈ।

*-ਦਲੀਪ ਸਿੰਘ*
*ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ*
*ਫੋਨ- 0175 5191856*

## ਡੋਲਿਆ ਸਿੰਘਾਸਨ ਰੱਬ ਦਾ ਕੰਡੇ ਦੇ ਕਾਰਨ

ਕੰਡੇ ਦਾ ਕੰਡਾ

ਇੱਕ ਦਿਨ ਇੱਕ ਬੰਦੇ ਨੇ ਮੋਬਾਈਲ,ਫੇਸਬੁੱਕ,ਇੰਟਰਨੈੱਟ, ਟੀਵੀ,ਵੱਟਸਐਪ,ਬਿਜ਼ਲੀ ਤੇ ਸਕੂਟਰ ਕਾਰ ਨਹੀਂ ਚਲਾਇਆ ਤਾਂ ਰੱਬ ਦਾ ਸਿੰਘਾਸਨ ਡੋਲ ਗਿਆ । ਰੱਬ ਨੇ ਆਪਣੇ ਪੀਏ ਨੂੰ ਪੁਛਿਆ ਬਈ ਇਸ ਯੁੱਗ ਚ ਕੌਣ ਸਾਊ ਬੰਦਾ ਜਿਹੜਾ ਭਗਤੀ ਕਰਨ ਲੱਗ ਪਿਆ ? ਤਾਂ ਰੱਬ ਦੇ ਪੀਏ ਨੇ ਸਕੈਨ ਕਰਕੇ ਦਸਿਆ ਜੀ ਇਹ ਭਾਰਤ ਚ ਪੰਜਾਬ ਚ ਮੋਗੇ ਚ ਕੋਈ ਕੰਡਾ ਹੈ ਜੀ । ਇਹ ਕੰਡਾ ਕੀ ਬਲਾ ਹੈ ਕਾਹਦਾ ਕੰਡਾ ? ਰੱਬ ਨੇ ਪੁੱਛਿਆ । ਇਹ ਤਾਂ ਕੰਡੇ ਦਾ ਕੰਡਾ ਕਾਲਮ ਲਿਖਦਾ ਜੀ ਤੁਸੀਂ ਨਹੀਂ ਪੜਿਆ ਕਦੇ ਉਹ ਸੱਚ ਤੁਸੀਂ ਤਾਂ ਵੱਟਸ ਐਪ ਨਹੀਂ ਚਲਾਉਂਦੇ ਨਾ ਹੀ ਫੇਸਬੁੱਕ ਇਹ ਸਾਰੇ ਅਖਬਾਰਾਂ ਚ ਵੀ ਲਿਖਦਾ । ਉਏ ਮੇਰਾ ਸਿੰਘਾਸਨ ਡੋਲੀ ਜਾਂਦਾ ਹੋਰਨਾ ਥੱਲੇ ਜਾਣਾ ਪਵੇ ਛੇਤੀ ਪਤਾ ਕਰ ਕੇ ਦੱਸ ਇਹ ਚਾਹੁੰਦਾ ਕੀ ਆ ? ਰੱਬ ਨੇ ਪੁੱਛਿਆ । ਜੀ ਹੁਣੇ ਪਤਾ ਕਰਦੇਂ ਹਾਂ ਜੀ ਤੇ ਦਸਾਂ ਮਿੰਟਾਂ ਬਾਅਦ ਪੀਏ ਨੇ ਰਿਪੋਰਟ ਦਿੱਤੀ "ਰੱਬ ਜੀ ਇਹ ਤਾਂ ਕ੍ਰਿਮਨਿਲ ਲੋਕਾਂ ਦੇ ਕੰਡੇ ਕੱਢਦਾ ਖਾਸਕਰ ਸਿਆਸਤ ਦੇ ਇਹ ਮੈਂ ਪਤਾ ਲਾਇਆ ਹੈ ਜੀ ਅੱਜ ਮੋਗਾ ਬੰਦ ਸੀ ਤੇ ਇਹਨਾਂ ਦੀਆਂ ਬਿਜ਼ਲੀ ਦੀਆਂ ਤਾਰਾਂ ਕੋਈ ਟੱਰਕ ਤੋੜ ਗਿਆ ਬਿਜ਼ਲੀ ਹੈਨੀ ਸੀ ਤਾਂ ਸਾਰਾ ਕੁੱਛ ਬੰਦ ਰਿਹਾ ਜੀ । ਜਦੋਂ ਸਾਰਾ ਮੋਗਾ ਬੰਦ ਸੀ ਇਸ ਕਰਕੇ ਇਹਨੇ ਨਾ ਸਕੂਟਰ ਚਲਾਇਆ ਤੇ ਨਾ ਹੀ ਕਾਰ ਚਲਾਈ । ਹਾਂ ਸੱਚ ਜਦੋਂ ਕੰਡੇ ਨੂੰ ਪੁੱਛਿਆ ਬਈ ਤੈਨੂੰ ਕੁੱਛ ਚਾਹੀਦਾ ਰੱਬ ਜੀ ਨੇ ਪੁਛਿਆ ਤਾਂ ਉਹਨੇ ਤੁਹਾਨੂੰ ਲਿਖ ਕੇ ਸੁਨੇਹਾ ਭੇਜਿਆ "ਰੱਬ ਜੀ ਜਦੋਂ ਟਾਈਮ ਲੱਗੇ ਰੰਗਲੇ ਤੋਂ ਫਿੱਕੇ ਪੰਜਾਬ ਵੱਲ ਜਰੂਰ ਧਿਆਨ ਦੇਣਾ,ਪਾਣੀ ਸਿਰ ਤੋਂ ਉਪਰ ਦੀ ਹੋ ਗਿਆ ਹੈ ਤੁਸੀਂ ਸਭ ਜਾਨੀਜਾਨ ਹੋ ਜੀ ਤੁਹਾਨੂੰ ਕਹਿਣ ਦੀ ਜਰੂਰਤ ਨਹੀਂ,ਪਰ ਪੰਜਾਬ ਦਾ ਬਹੁਤ ਬੁਰਾ ਹਾਲ ਹੈ ਕਿਰਪਾ ਕਰ ਦਿਉ ਧੰਨਵਾਦ ਸਾਹਿਤ ਡਾ ਅਮਰੀਕ ਸਿੰਘ ਕੰਡਾ ਮੋਗਾ ।"""ਰੱਬ ਜੀ ਸੁੰਨ ਹੋ ਗਏ ਤੇ ਪੀਏ ਵੀ ਰੱਬ ਵੱਲ ਬੜੀ ਗੁਹ ਨਾਲ ਵੇਖ ਰਿਹਾ ਸੀ । ਤਦੇ ਹੀ ਮੈਨੂੰ ਘਰਵਾਲੀ ਨੇ ਉਠਇਆ ਉਠੋ ਕੀ ਸੁਪਨੇ ਵੇਖੀ ਜਾਂਦੇ ਹੋ ...?

*-ਡਾ. ਅਮਰੀਕ ਸਿੰਘ ਕੰਡਾ*
*1764-ਗੁਰੂ ਰਾਮ ਦਾਸ ਨਗਰ*
*ਨੇੜੇ ਨੈਸਲੇ ਮੋਗਾ, ਪੰਜਾਬ*
*98557-35666*



# ਪੰਜਾਬ ਦੇ ਕਈ ਹਲਕਿਆਂ ਵਿੱਚ ਪੈਰਾਸ਼ੂਟ ਉਮੀਦਵਾਰਾਂ ਕਾਰਨ ਰੱਫੜ



ਚੰਡੀਗੜ੍ਹ, 18 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਵੱਖ-ਵੱਖ ਸਿਆਸੀ ਧਿਰਾਂ ਨੇ ਇਸ ਵਾਰੀ ਵਿਧਾਨ ਸਭਾ ਚੋਣਾਂ ਲਈ ਬਹੁਤ ਸਾਰੇ ਹਲਕਿਆਂ ਵਿੱਚ ਪੈਰਾਸ਼ੂਟ ਉਮੀਦਵਾਰ ਉਤਾਰੇ ਹਨ ਅਤੇ ਕਈ ਹਲਕਿਆਂ ਦੇ ਜਾਣੇ ਪਛਾਣੇ ਰਾਜਸੀ ਆਗੂ ਇਨ੍ਹਾਂ ਸਿਆਸੀ ਧਿਰਾਂ ਨੇ ਪਰਾਏ ਬਣਾ ਕੇ ਰੱਖ ਦਿੱਤੇ ਹਨ। ਅਕਾਲੀ ਦਲ ਨੇ ਪੈਰਾਸ਼ੂਟ ਉਮੀਦਵਾਰ ਉਤਾਰਨ ਵਿੱਚ ਬਾਜ਼ੀ ਮਾਰੀ ਤੇ ਕਾਂਗਰਸ ਇਸ ਕੰਮ ਵਿੱਚ ਦੂਸਰੇ ਨੰਬਰ ਉੱਤੇ ਹੈ। ਆਮ ਆਦਮੀ ਪਾਰਟੀ ਨੇ ਇਸ ਪੱਖ ਤੋਂ ਥੋੜ੍ਹਾ ਗੁਰੇਜ਼ ਕੀਤਾ ਹੈ। ਪੰਜਾਬ ਦੇ ਚੋਣ ਪਿੜ ਵਿੱਚ ਪ੍ਰਮੁੱਖ ਤਿੰਨ ਪਾਰਟੀਆਂ ਦੇ 67 ਉਮੀਦਵਾਰ ਉਹ ਹਨ, ਜਿਨ੍ਹਾਂ ਦੀ ਰਿਹਾਇਸ਼ ਉਸ ਹਲਕੇ ਵਿੱਚ ਨਹੀਂ ਪੈਂਦੀ, ਜਿੱਥੋਂ ਉਹ ਚੋਣ ਲੜ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਵੱਲੋਂ ਐਲਾਨੇ ਗਏ 86 ਵਿੱਚੋਂ ਕਰੀਬ ਡੇਢ ਦਰਜਨ ਉਮੀਦਵਾਰ ਉਸ ਚੋਣ ਹਲਕੇ ਤੋਂ ਬਾਹਰਲੇ ਹਨ। ਕਾਂਗਰਸ ਨੇ 20 ਫੀਸਦੀ ਉਮੀਦਵਾਰਾਂ ਨੂੰ ਟਿਕਟ ਦੇਣ ਸਮੇਂ ਹਲਕੇ ਦੇ ਲੀਡਰ ਨਜ਼ਰ ਅੰਦਾਜ਼ ਕੀਤੇ ਹਨ। ਅਕਾਲੀ ਦਲ ਨੇ 94 ਉਮੀਦਵਾਰ ਐਲਾਨੇ ਹਨ, ਜਿਨ੍ਹਾਂ ਵਿੱਚੋਂ 34 ਹਲਕਿਆਂ ਤੋਂ ਬਾਹਰੋਂ ਹਨ, ਜੋ ਕਰੀਬ 36 ਫੀਸਦੀ ਬਣਦੇ ਹਨ। ਆਮ ਆਦਮੀ ਪਾਰਟੀ ਦੇ ਐਲਾਨੇ ਗਏ 111 ਉਮੀਦਵਾਰਾਂ ਵਿੱਚੋਂ 16 ਹਲਕੇ ਤੋਂ ਬਾਹਰ ਦੇ ਹਨ, ਜੋ ਕਰੀਬ 14 ਫੀਸਦੀ ਬਣਦੇ ਹਨ। ਸਿਆਸੀ ਪਾਰਟੀਆਂ ਨੇ ਜਿੱਤਣ ਦੀ ਸਮਰੱਥਾ ਦੇਖੀ ਹੈ ਜਾਂ ਚਹੇਤਿਆਂ ਨੂੰ ਖੁਸ਼ ਕਰਨ ਲਈ ਦੂਸਰੇ ਹਲਕਿਆਂ ਵਿੱਚ ਟਿਕਟ ਦਿੱਤੀ ਹੈ। ਕਾਂਗਰਸ ਨੇ ਬਠਿੰਡਾ ਜ਼ਿਲ੍ਹੇ ਦੇ ਛੇ ਵਿੱਚੋਂ ਪੰਜ ਹਲਕਿਆਂਲਈਬਾਹਰਲੇ ਉਮੀਦਵਾਰ ਖੜੇ ਕੀਤੇ ਹਨ। ਤਲਵੰਡੀ ਸਾਬੋ ਤੋਂ ਖੁਸ਼ਬਾਜ ਸਿੰਘ ਜਟਾਣਾ, ਭੁੱਚੋ ਮੰਡੀ ਤੋਂ ਪ੍ਰੀਤਮ ਸਿੰਘ ਕੋਟਭਾਈ, ਮੌੜ ਤੋਂ ਡਾਕਟਰ ਮੰਜੂ ਬਾਲਾ ਬਾਂਸਲ ਉਸ ਹਲਕੇ ਤੋਂ ਬਾਹਰਲੇ ਹਨ। ਮਲੋਟ ਤੋਂ ਕਾਂਗਰਸੀ ਉਮੀਦਵਾਰ ਰੁਪਿੰਦਰ ਰੂਬੀ ਬਾਹਰੋਂ ਤੇ ਦਾਖਾ ਤੋਂ ਉਮੀਦਵਾਰ ਬਣਾਏ ਕੈਪਟਨ ਸੰਦੀਪ ਸੰਧੂ ਵੀ ਫਰੀਦਕੋਟ ਦੇ ਵਸਨੀਕ ਹਨ। ਇਸੇ ਤਰ੍ਹਾਂ ਫਿਲੌਰ, ਅਮਲੋਹ, ਖੰਨਾ, ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ, ਸਮਾਣਾ, ਸੰਗਰੂਰ ਆਦਿ ਦੇ ਉਮੀਦਵਾਰ ਹਲਕੇ ਤੋਂ ਬਾਹਰਲੇ ਹਨ।

ਅਕਾਲੀ ਦਲ ਨੇ ਲਹਿਰਾਗਾਗਾ, ਸੰਗਰੂਰ, ਧੂਰੀ, ਸੁਨਾਮ ਤੇ ਦਿੜ੍ਹਬਾ ਵਿੱਚ ਉਹ ਉਮੀਦਵਾਰ ਖੜੇ ਕੀਤੇ ਹਨ, ਜੋ ਹਲਕੇ ਦੇ ਵਾਸੀ ਨਹੀਂ। ਬਠਿੰਡਾ ਦਿਹਾਤੀ ਵਿੱਚ ਅਬੋਹਰ ਦੇ ਪ੍ਰਕਾਸ਼ ਸਿੰਘ ਭੱਟੀ, ਹਲਕਾ ਮੌੜ ਵਿੱਚ ਮੁਕਤਸਰ ਸਾਹਿਬ ਦੇ ਜਗਮੀਤ ਸਿੰਘ ਬਰਾੜ ਨੂੰ ਲਿਆਂਦਾ ਹੈ। ਫਿਰੋਜ਼ਪੁਰ ਸ਼ਹਿਰੀ ਵਿੱਚ ਗੁਰੂ ਹਰਸਹਾਏ ਦੇ ਵੋਹਰਾ ਨੂੰ ਅਤੇ ਡੇਰਾ ਬਾਬਾ ਨਾਨਕ ਵਿੱਚ ਫਤਿਹਗੜ੍ਹ ਚੂੜੀਆਂ ਹਲਕੇ ਦੇ ਰਵੀਕਿਰਨ ਸਿੰਘ ਕਾਹਲੋਂ ਨੂੰ ਟਿਕਟ ਦਿੱਤੀ ਹੈ। ਅਕਾਲੀ ਦਲ ਨੇ ਬਟਾਲਾ, ਬੰਗਾ, ਧਰਮਕੋਟ, ਜ਼ੀਰਾ, ਜਲਾਲਾਬਾਦ, ਫਾਜ਼ਿਲਕਾ, ਭੁੱਚੋ ਮੰਡੀ, ਆਤਮ ਨਗਰ, ਸ਼ਤਰਾਣਾ, ਰਾਜਪੁਰਾ, ਘਨੌਰ, ਸਨੌਰ ਤੋਂ ਬਾਹਰਲੇ ਉਮੀਦਵਾਰ ਖੜੇ ਕੀਤੇ ਹਨ। ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਆਊਟ ਸਾਈਡਰ ਚੋਣ ਜਿੱਤ ਜਾਣ ਤਾਂ ਉਨ੍ਹਾਂ ਦੇ ਪਿੱਛੇ ਕੰਮ ਲਈ ਲੰਮਾ ਪੈਂਡਾ ਤੈਅ ਕਰਨਾ ਪੈਂਦਾ ਹੈ।

ਆਮ ਆਦਮੀ ਪਾਰਟੀ ਨੇ ਮਲੋਟ ਤੋਂ ਡਾਕਟਰ ਬਲਜੀਤ ਕੌਰ ਨੂੰ ਖੜਾ ਕੀਤਾ ਹੈ, ਜੋ ਮੁਕਤਸਰ ਦੀ ਵਸਨੀਕ ਹਨ। ਰਾਮਪੁਰਾ ਫੂਲਾ ਤੋਂ ਗਾਇਕ ਬਲਕਾਰ ਸਿੱਧੂ ਉਮੀਦਵਾਰ ਬਣਾਏ ਹਨ, ਜੋ ਭੁੱਚੋ ਦੇ ਵਸਨੀਕ ਹਨ। ਅਜਨਾਲਾ ਤੋਂ ਕੁਲਦੀਪ ਸਿੰਘ ਧਾਲੀਵਾਲ ਹਲਕਾ ਰਾਜਾਸਾਂਸੀ ਦੇ ਵਾਸੀ ਹਨ। ਕਾਦੀਆਂ ਤੋਂ ਜਗਰੂਪ ਸਿੰਘ ਸੇਖਵਾਂ, ਅੰਮ੍ਰਿਤਸਰ ਕੇਂਦਰੀ ਤੋਂ ਅਜੈ ਗੁਪਤਾ, ਅੰਮ੍ਰਿਤਸਰ ਈਸਟ ਤੋਂ ਕੁੰਵਰ ਵਿਜੇ ਪ੍ਰਤਾਪ ਅਤੇ ਖਰੜ ਤੋਂ ਅਨਮੋਲ ਗਗਨ ਮਾਨ ਵੀ ਬਾਹਰੋਂ ਆਏ ਹਨ।

# ਐਨ ਆਈ ਏ ਨੇ ਸਿਖਸ ਫਾਰ ਜਸਟਿਸ ਦੇ ਮੁਲਤਾਨੀ ਵਿਰੁੱਧ 10 ਲੱਖ ਦਾ ਇਨਾਮ ਰੱਖਿਆ

ਲੁਧਿਆਣਾ, 18 ਜਨਵਰੀ (ਪੋਸਟ ਬਿਊਰੋ)- ਸਿੱਖਸ ਫਾਰ ਜਸਟਿਸ ਨਾਂਅ ਦੀ ਜਥੇਬੰਦੀ ਨਾਲ ਸਬੰਧਤ ਸਮਝੇ ਜਾ ਰਹੇ ਜਸਵਿੰਦਰ ਸਿੰਘ ਮੁਲਤਾਨੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੇ 10 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕਰ ਦਿੱਤਾ ਹੈ। ਲੁਧਿਆਣਾ ਕੋਰਟ ਬੰਬ ਧਮਾਕਾ ਕੇਸ ਵਿੱਚ ਮੁਲਤਾਨੀ ਦਾ ਨਾਂਅ ਆਉਣ ਤੋਂ ਬਾਅਦ ਐਨ ਆਈ ਏ ਨੇ ਉਸ ਉੱਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਹਿਲਾਂ ਮੁੰਬਈ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਹੋਏ ਹਮਲਿਆਂ ਦੀ ਸਾਜ਼ਿਸ਼ ਵਿੱਚ ਵੀ ਜਸਵਿੰਦਰ ਸਿੰਘ ਮੁਲਤਾਨੀ ਦਾ ਨਾਂਅ ਆਉਂਦਾ ਰਿਹਾਸੀ। ਮੁਕੇਰੀਆਂ ਦੇ ਮਨਸੂਰਪੁਰ ਦਾ ਵਾਸੀ ਜਸਵਿੰਦਰ ਸਿੰਘ ਲੰਬੇ ਸਮੇਂ ਤੋਂ ਐਨ ਆਈ ਏ ਦੀ ਰਾਡਾਰ ਉੱਤੇ ਹੈ। ਪਾਕਿਸਤਾਨ ਦੀ ਏਜੰਸੀ ਆਈ ਐਸ ਆਈ ਨਾਲ ਮਿਲ ਕੇ




ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਐਨ ਆਈ ਏ ਚੰਡੀਗੜ੍ਹ ਨੂੰ ਉਸ ਦੀ ਭਾਲ ਹੈ ਅਤੇ ਉਸ ਉਪਰ ਦਸ ਲੱਖ ਦਾ ਇਨਾਮ ਰੱਖਿਆ ਗਿਆ ਹੈ। ਐਨ ਆਈ ਏ ਦੀ ਵਾਂਟਿਡ ਸੂਚੀ ਵਿੱਚ ਸ਼ਾਮਲ ਮੁਲਤਾਨੀ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਭਾਰਤ ਤੋਂ ਇਲਾਵਾ ਵਿਦੇਸ਼ ਵਿੱਚ ਕਈ ਘਟਨਾਵਾਂ ਦੇ ਮੁੱਖ ਦੋਸ਼ੀ ਮੁਲਤਾਨੀ ਬਾਰੇ ਕਿਸੇ ਤਰ੍ਹਾਂ ਦੀ ਸੂਚਨਾ ਐਨ ਆਈ ਏ ਕੰਟਰੋਲ ਰੂਮ ਵਿੱਚ ਦਿੱਤੀ ਜਾਵੇ। ਨਿਯਮਾਂ ਅਨੁਸਾਰ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਐਨ ਆਈ ਏ ਦਾ ਕਹਿਣਾ ਹੈ ਕਿ ਮੁਲਤਾਨੀ ਨੇ ਵਿਦੇਸ਼ ਵਿੱਚ ਰਹਿ ਕੇ ਕਈ ਖਾਲਿਸਤਾਨੀ ਸਮਰੱਥਕਾਂ ਨਾਲ ਭਾਰਤ ਵਿਰੋਧੀ ਸਾਜ਼ਿਸ ਰਚੀ ਸੀ ਤੇ ਇਹ ਲੋਕ, ਸੋਸ਼ਲ ਮੀਡੀਆ ਵਰਤਦੇ ਸਨ। ਇਹੀ ਨਹੀਂ ਪੰਜਾਬ ਵਿੱਚ ਗਤੀਵਿਧੀਆਂ ਲਈ ਮੁਲਤਾਨੀ ਵਿਦੇਸ਼ ਵਿੱਚ ਫੰਡ ਇਕੱਠਾ ਕਰ ਕੇ ਉਹ ਹਥਿਆਰ, ਹਥਿਆਰਾਂ ਦੀ ਤਸਕਰੀ ਕਰਾਉਂਦਾ ਦੱਸਿਆ ਗਿਆ ਹੈ।

# ਮਿੰਨੀ ਬੱਸ ਤੇ ਮੋਟਰਸਾਈਕਲ ਦੀ ਟੱਕਰ,3 ਨੌਜਵਾਨਾਂ ਦੀ ਮੌਤ

ਮਾਛੀਵਾੜਾ ਸਾਹਿਬ, 18 ਜਨਵਰੀ (ਪੋਸਟ ਬਿਊਰੋ)- ਥਾਣਾ ਕੂੰਮਕਲਾਂ ਹੇਠਲੇ ਕੁਹਾੜਾ-ਲੱਖੋਵਾਲ ਰੋਡ ਉੱਤੇ ਕੱਲ੍ਹ ਇੱਕ ਪ੍ਰਾਈਵੇਟ ਮਿੰਨੀ ਬੱਸ ਦੀ ਲਪੇਟ ਵਿੱਚ ਆਉਣ ਨਾਲ ਤਿੰਨ ਮੋਟਰਸਾਈਕਲ ਸਵਾਰ ਨੌਜਵਾਨਾਂ ਦੀ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਮੁਨੀਸ਼ ਕੁਮਾਰ (24) ਵਾਸੀ ਚੋਪਈ ਥਾਣਾ ਸਰਾਮਊ (ਯੂ ਪੀ), ਮੁੰਨਾ ਮਾਂਝੀ (27) ਵਾਸੀ ਪਹਾੜੀ ਬਿਘਾ ਥਾਣਾ ਪ੍ਰੈਸ ਬਿਘਾ ਜ਼ਿਲ੍ਹਾ ਜਹਾਨਾਬਾਦ (ਬਿਹਾਰ) ਤੇ ਮਦਨ ਕੁਮਾਰ (21) ਵਾਸੀ ਬ੍ਰਿਜ ਲਾਲ ਪੁਰੀ ਕੁਚੀ ਜ਼ਿਲ੍ਹਾ ਰੋਹਤਾਸ (ਬਿਹਾਰ) ਵਜੋਂ ਹੋਈ ਹੈ। ਪੁਲਸ ਇਸ ਸੰਬੰਧ ਵਿੱਚ ਕਾਰਵਾਈ ਕਰ ਰਹੀ ਹੈ।

ਮ੍ਰਿਤਕ ਮੁਨੀਸ਼ ਕੁਮਾਰ ਦੇ ਭਰਾ ਪੰਕਜ ਕੁਮਾਰ ਨੇ ਦੱਸਿਆ ਕਿ ਉਸਦੇ ਭਰਾ ਨਾਲ ਮੁੰਨਾ ਮਾਂਝੀ ਤੇ ਮਦਨ ਕੁਮਾਰ ਲੱਖੋਵਾਲ ਰੋਡ ਉੱਤੇ ਪ੍ਰਾਈਵੇਟ ਮਿੱਲ ਵਿੱਚ ਕੰਮ ਕਰਦੇ ਸਨ। ਉਹ ਆਪਣੇ ਮੋਟਰਸਾਈਕਲ ਉੱਤੇਲੱਖੋਵਾਲ ਵਿਖੇ ਪੈਟਰੋਲ ਪੰਪ ਤੋਂ ਤੇਲ ਪਵਾਉਣ ਗਏ, ਜਦੋਂ ਉਹ ਹਾਈਟੈਕ ਸਪੀਨਿੰਗ ਮਿੱਲ ਨੇੜੇ ਪੁੱਜੇ ਤਾਂ ਸਾਹਮਣੇ ਤੋਂ ਆਏ ਪ੍ਰਾਈਵੇਟ ਮਿੰਨੀ ਬੱਸ ਚਾਲਕ ਨੇ ਲਾਪ੍ਰਵਾਹੀ ਨਾਲ ਤੇਜ਼ ਬੱਸ ਲਿਆ ਕੇ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਮਾਰ ਦਿੱਤੀ। ਇਸ ਟੱਕਰ ਕਾਰਨ ਮੁਨੀਸ਼ ਤੇ ਮੁੰਨਾ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਮਦਨ ਐਂਬੂਲੈਂਸ ਰਾਹੀਂ ਹਸਪਤਾਲ ਵਿਖੇ ਲਿਜਾਣ ਸਮੇਂ ਰਸਤੇ ਵਿੱਚ ਦਮ ਤੋੜ ਗਿਆ। ਪੁਲਸ ਨੇ ਬੱਸ ਨੂੰ ਕਬਜ਼ੇ ਵਿੱਚ ਲੈ ਕੇ ਅਣਪਛਾਤੇ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# 3 ਕਾਰਾਂ ਵਿੱਚ ਸਵਾਰ ਲੋਕਾਂ ਕੋਲੋਂ 11 ਲੱਖ ਤੋਂ ਵੱਧ ਦੀ ਨਕਦੀ ਮਿਲੀ

* ਬਰਾਮਦ ਨਕਦੀ ਚੋਣ ਕਮਿਸ਼ਨ ਦੇ ਹਵਾਲੇ ਕੀਤੀ ਗਈ

ਬਠਿੰਡਾ, 18 ਜਨਵਰੀ (ਪੋਸਟ ਬਿਊਰੋ)- ਸੰਗਤ ਮੰਡੀ ਵਿੱਚ ਡੂਮਵਾਲੀ ਉਪਰ ਲੱਗਇੰਟਰ ਸਟੇਟ ਨਾਕੇ ਉੱਤੇ ਪੁਲਸ ਟੀਮ ਦੀ ਨਾਕਾਬੰਦੀ ਦੌਰਾਨ ਤਿੰਨ ਗੱਡੀਆਂ ਵਿੱਚੋਂ ਤਲਾਸ਼ੀ ਦੌਰਾਨ 11 ਲੱਖ 14 ਹਜ਼ਾਰ 500 ਰੁਪਏ ਨਕਦੀ ਮਿਲੀ ਹੈ। ਪੁਲਸ ਨੇ ਇਹ ਨਕਦੀ ਕਬਜ਼ੇ ਏ ਆਰ ਓ (ਅਸਿਸਟੈਂਟ ਰਿਟਰਨਿੰਗ ਅਫਸਰ)ਨੂੰ ਸੌਂਪ ਦਿੱਤੀ ਹੈ ਤਾਂ ਕਿ ਚੋਣ ਕਮਿਸ਼ਨ ਇਸ ਸਬੰਧ ਵਿੱਚ ਚੋਣ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰ ਸਕੇ।

ਥਾਣਾ ਸੰਗਤ ਦੇ ਐਸ ਐਚ ਓ ਨੇ ਦੱਸਿਆ ਕਿ 15 ਜਨਵਰੀ ਨੂੰ ਸ਼ਾਮ ਪਥਰਾਲਾ ਪੁਲਸ ਟੀਮ ਵੱਲੋਂ ਬੀ ਐਸ ਐਫ ਦੇ ਜਵਾਨਾਂ ਨਾਲ ਮਿਲ ਕੇ ਡੂੰਮਵਾਲੀ ਬੈਰੀਅਰ ਕੋਲ ਇੰਟਰਸਟੇਟ ਨਾਕੇ ਉੱਤੇ ਚੈਕਿੰਗ ਚੱਲ ਰਹੀ ਸੀ। ਇਸ



ਮੌਕੇ ਪੁਲਸ ਟੀਮ ਨੇ ਇੱਕ ਕਾਰ ਮਾਰੂਤੀ ਵਿੱਚ ਸਵਾਰ ਛੇ ਜਣਿਆਂ ਕੁਲਵਿੰਦਰ ਸਿੰਘ, ਬਲਜੀਤ ਸਿੰਘ ਵਾਸੀ ਕੁਰੜ ਜ਼ਿਲ੍ਹਾ ਬਰਨਾਲਾ, ਗੁਰਪ੍ਰੀਤ ਸਿੰਘ, ਰੁਪਿੰਦਰ ਸਿੰਘ ਵਾਸੀ ਬੀਰਮੀ ਜ਼ਿਲ੍ਹਾ ਲੁਧਿਆਣਾ, ਗੁਰਮੀਤ ਸਿੰਘ ਅਤੇ ਪ੍ਰਮੋਦ ਸਿੰਘ ਵਾਸੀ ਫੇਰੂਰਾਏ ਲੁਧਿਆਣਾ ਤੋਂ 6,14,500 ਰੁਪਏ ਦੀ ਨਕਦੀ ਫੜੀ। ਇਸ ਤੋਂ ਬਿਨਾ ਹੌਂਡਾ ਸਿਟੀ ਕਾਰ ਸਵਾਰ ਦੋ ਜਣਿਆਂ ਅੰਮ੍ਰਿਤਪਾਲ ਸਿੰਘ ਵਾਸੀ ਜੱਸੀ ਪੌ ਵਾਲੀ ਅਤੇ ਸੰਦੀਪ ਸਿੰਘ ਵਾਸੀ ਊਧਮ ਸਿੰਘ ਨਗਰ ਤੋਂ ਤਿੰਨ ਲੱਖ ਰੁਪਏ ਫੜੇ। ਇਸੇ ਤਰ੍ਹਾਂ ਇੱਕ ਕਾਰ ਸਵਾਰ ਦੋ ਜਣਿਆਂ ਸੋਮਵੀਰ ਸਿੰਘ ਤੇ ਜੈ ਪ੍ਰਕਾਸ਼ ਵਾਸੀ ਭਵਾਨੀ ਹਰਿਆਣਾ ਤੋਂ ਦੋ ਲੱਖ ਰੁਪਏ ਬਰਾਮਦ ਕੀਤੇ।




# ਪੁਆਧੀ ਸਥਾਨਕ ਲੀਡਰ ਪਰਵਿੰਦਰ ਸੋਹਾਣਾ ਨੂੰ ਟਿਕਟ ਮਿਲਣ ਤੇ ਸਥਾਨਕ ਪਾਰਟੀ ਮੈਂਬਰਾਂ ਵਿਚ ਖੁਸ਼ੀ

ਮੋਹਾਲੀ, 18 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੁਆਂਧੀ ਸੀਨੀਅਰ ਅਕਾਲੀ ਆਗੂ ਪਰਵਿੰਦਰ ਸਿੰਘ ਸੋਹਾਣਾ ਨੂੰ ਹਲਕਾ ਮੁਹਾਲੀ ਤੋਂ ਅਕਾਲੀ ਦਲ ਅਤੇ ਬਸਪਾ ਦੇ ਉਮੀਦਵਾਰ ਐਲਾਨਣ ਤੋਂ ਬਾਅਦ ਮੋਹਾਲੀ ਦੇ ਪਿੰਡਾਂ ਵਿਚ ਖੁਸ਼ੀ ਦਾ ਮਾਹੌਲ ਹੈ। ਮੋਹਾਲੀ ਹਲਕੇ ਦੇ ਕਈ ਪਿੰਡਾਂ ਵਿਚ ਇਸ ਖੁਸ਼ੀ ਮੌਕੇ ਲੱਡੂ ਵੀ ਵੰਡੇ ਗਏ। ਇਸ ਦਾ ਵੱਡਾ ਕਾਰਨ ਪਰਮਿੰਦਰ ਸੋਹਾਣਾ ਦਾ ਜ਼ਿਲਾ ਪ੍ਰੀਸ਼ਦ ਦੇ ਮੈਂਬਰ ਹੁੰਦੇ ਹੋਏ ਪਿੰਡਾਂ ਦੀ ਨੁਮਾਇੰਦਗੀ ਕਰਦੇ ਹੋਏ ਦਿਤਾ ਹੋਇਆ ਯੋਗਦਾਨ ਹੈ। ਇਸ ਦੇ ਨਾਲ ਹੀ ਮੋਹਾਲੀ ਹਲਕੇ ਨੂੰ ਲੰਬੇ ਸਮੇਂ ਬਾਅਦ ਲੋਕਲ ਕੈਂਡੀਡੇਟ ਮਿਲਣ ਤੇ ਵੀ ਅਕਾਲੀ ਦਲ ਦੇ ਸਮਰਥਕਾਂ ਵਿਚ ਭਾਰੀ ਖੁਸ਼ੀ ਦੀ ਲਹਿਰ ਹੈ। ਕਿਉਂਕਿ ਲੋਕਲ ਕੈਂਡੀਡੇਟ ਚੁਣਨ ਦੀ ਮੰਗ ਵੀ ਅਕਾਲੀ ਦਲ ਦੇ ਸਮਰਥਕਾਂ ਵੱਲੋਂ ਲੰਬੇ ਸਮੇਂ ਤੋਂ ਰੱਖੀ ਜਾ ਰਹੀ ਸੀ, ਜੋ ਕਿ ਹੁਣ ਪੂਰੀ ਹੋ ਗਈ ਹੈ। ਇਸ ਦੌਰਾਨ ਪਰਵਿੰਦਰ ਸਿੰਘ ਸੋਹਾਣਾ ਨੇ ਸਥਾਨਕ ਅਕਾਲੀ ਲੀਡਰਾਂ ਨਾਲ ਮਿਲਣਾ ਸ਼ੁਰੂ ਕਰ ਦਿਤਾ ਹੈ।

ਪਰਵਿੰਦਰ ਸਿੰਘ ਸੋਹਾਣਾ ਲੇਬਰਫੈਡ ਦੇ ਐਮ ਡੀ ਅਤੇ ਜ਼ਿਲਾ ਪ੍ਰੀਸ਼ਦ ਮੈਂਬਰ ਵੀ ਰਹਿ ਚੁੱਕੇ ਹਨ। ਇਸ ਦੌਰਾਨ ਪਰਵਿੰਦਰ ਸੋਹਾਣਾ ਨੇ



ਅਕਾਲੀ ਆਗੂ ਪਰਵਿੰਦਰ ਸਿੰਘ ਸੋਹਾਣਾ ਨੂੰ ਟਿਕਟ ਮਿਲਣ ਤੇ ਪਿੰਡਾਂ ਵਿਚ ਲੱਡੂ ਵੰਡਦੇ ਹੋਏ ਮੋਹਾਲੀ ਵਾਸੀ।

ਆਪਣੇ ਮਿਲਾਪੜੇ ਸੁਭਾਅ ਅਤੇ ਲੋਕਾਂ ਦੇ ਦੁੱਖ ਸੁੱਖ ਵਿਚ ਸ਼ਾਮਿਲ ਹੋ ਕੇ ਵਧੀਆਂ ਆਧਾਰ ਬਣਾਇਆ ਹੈ। ਇਸ ਦੇ ਇਲਾਵਾ ਪਰਵਿੰਦਰ ਸੋਹਾਣਾ ਮੋਹਾਲੀ ਸ਼ਹਿਰ ਦੀ ਰਾਜਨੀਤੀ ਵਿਚ ਪੂਰੀ ਤਰਾਂ ਸਰਗਰਮ ਰਹੇ ਹਨ, ਜਦ ਕਿ ਉਨਾਂ ਦੀ ਪਤਨੀ ਹਰਜਿੰਦਰ ਕੌਰ ਵੀ ਮੌਜੂਦਾ ਕੌਂਸਲਰ ਹਨ। ਜਿਸ ਨਾਲ ਸ਼ਹਿਰੀ ਖੇਤਰ ਦੀ ਵੋਟ ਵੀ ਪਰਵਿੰਦਰ ਸਿੰਘ ਸੋਹਾਣਾ ਦੇ ਹੱਕ ਵਿਚ ਭੁਗਤਣਾ ਤੈਅ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਰਵਿੰਦਰ ਸੋਹਾਣਾ ਸ਼ੁਰੂ ਤੋਂ ਹੀ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਵਿਚ ਮੋਹਾਲੀ ਵਿਚ ਅਹਿਮ ਭੂਮਿਕਾ ਨਿਭਾਉਦੇਂ ਰਹੇ ਹਨ। ਕਾਲੇ ਕਾਨੂੰਨਾਂ ਖ਼ਿਲਾਫ਼ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਬਾਹਰ ਚੱਲੀ ਲੜੀਵਾਰ ਭੁੱਖ ਹੜਤਾਲ ਵਿਚ ਵੀ ਪਰਵਿੰਦਰ ਸਿੰਘ ਸੋਹਾਣਾ ਦੀ ਹਾਜ਼ਰੀ ਲਗਾਤਾਰ ਵੇਖਣ ਨੂੰ ਮਿਲਦੀ ਰਹੀ।

ਪਰਵਿੰਦਰ ਸਿੰਘ ਸੋਹਾਣਾ ਨੇ ਆਪਣੇ ਸਮਰਥਕਾਂ ਨਾਲ ਗੱਲਬਾਤ ਕਰਦੇ ਹੋਏ ਵੀ ਇਹੀ ਕਿਹਾ ਹੈ ਕਿ ਕਾਂਗਰਸ ਸਰਕਾਰ ਅਤੇ ਕਾਂਗਰਸੀ ਐਮ ਐਲ ਏ ਨੇ ਜਿਸ ਤਰਾਂ ਲਗਾਤਾਰ ਪੰਜ ਸਾਲ ਸਿਰਫ਼ ਲਾਰੇ ਲਗਾ ਕੇ ਮੋਹਾਲੀ ਹਲਕੇ ਦਾ ਜੋ ਵੱਡਾ ਨੁਕਸਾਨ ਕੀਤਾ ਹੈ । ਉਸ ਨਾਲ ਮੋਹਾਲੀ ਵਾਸੀ ਸਿੱਧੂ ਭਰਾਵਾਂ ਨੂੰ ਕੁਰਸੀ ਤੋਂ ਹਟਾਉਣ ਲਈ ਉਤਾਵਲੇ ਹਨ। ਜਦ ਕਿ ਉਨਾਂ ਦੀ ਸਰਕਾਰ ਆਉਣ ਤੇ ਮੋਹਾਲੀ ਨੂੰ ਫਿਰ ਉਹੀ ਪੁਰਾਣਾ ਬਣਦਾ ਰਸੂਖ਼ ਅਤੇ ਵਿਸ਼ਵ ਪੱਧਰੀ ਨਾਮ ਦਿਵਾਇਆ ਜਾਵੇਗਾ, ਜੋ ਪਿਛਲੀ ਅਕਾਲੀ ਸਰਕਾਰ ਵੇਲੇ ਦਿਤਾ ਗਿਆ ਸੀ।

# ਮੰਜੂ ਬਾਂਸਲ ਨੂੰ ਟਿਕਟ ਦੇਣ ਵਿਰੁੱਧ ਵਿਧਾਇਕ ਜਗਦੇਵ ਕਮਾਲੂ ਅਤੇ ਉਸ ਦੇ ਸਾਥੀ ਭੜਕੇ

ਮੌੜ ਮੰਡੀ, 18 ਜਨਵਰੀ (ਪੋਸਟ ਬਿਊਰੋ)- ਕਾਂਗਰਸ ਪਾਰਟੀ ਵੱਲੋਂ ਮੌੜ ਵਿਧਾਨ ਸਭਾ ਹਲਕੇ ਤੋਂ ਮਨੋਜ ਬਾਲਾ ਉਰਫ ਮੰਜੂ ਬਾਂਸਲ ਨੂੰ ਉਮੀਦਵਾਰ ਬਣਾਏ ਜਾਣ ਪਿੱਛੋਂ ਕੱਲ੍ਹ ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਵਿਧਾਇਕ ਜਗਦੇਵ ਸਿੰਘ ਕਮਾਲੂ ਨੇ ਬਾਂਸਲ ਪਰਵਾਰ ਦੇ ਵਿਰੋਧ ਵਿੱਚ ਆਪਣੇ ਘਰ ਪੰਚਾਂ, ਸਰਪੰਚਾਂ ਤੇ ਕਾਂਗਰਸੀ ਵਰਕਰਾਂ ਦਾ ਭਰਵਾਂ ਇਕੱਠਾ ਕਰ ਕੇ ਕਿਹਾ ਕਿ ਕਾਂਗਰਸ ਨੂੰ ਚਾਹੀਦਾ ਹੈ ਕਿ ਹਲਕਾ ਮੌੜ ਦੀ ਟਿਕਟ ਉੱਤੇਮੁੜ ਵਿਚਾਰ ਕਰੇ, ਕਿਉਂਕਿ ਜਿਸ ਨੂੰ ਪਾਰਟੀ ਨੇ ਟਿਕਟ ਦਿੱਤੀ ਹੈ, ਉਸ ਬਾਰੇ ਹਲਕਾ ਵਾਸੀਆਂ ਨੂੰ ਵਧੇਰੇ ਰੋਸ ਹੈ।

ਜਗਦੇਵ ਸਿੰਘ ਕਮਾਲੂ ਨੇ ਕਿਹਾ ਕਿ ਜੇ ਹਾਈ ਕਮਾਂਡ ਨੇ ਟਿਕਟ ਨਾ ਬਦਲੀ ਤਾਂ ਪਾਰਟੀ ਨੂੰ ਹਾਰ ਦਾ ਮੂੰਹ ਦੇਖਣਾ ਪੈ ਸਕਦਾ ਹੈ। ਉਨ੍ਹਾਂ ਦੀ ਹਮਾਇਤ ਵਿੱਚ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਜਸਵਿੰਦਰ ਸਿੰਘ ਜੌਹਰ ਨੇ ਕਾਂਗਰਸ ਹਾਈ ਕਮਾਂਡ ਨੂੰ ਅਪੀਲ ਕੀਤੀ ਕਿਹਾ ਕਿ ਹਲਕਾ ਮੌੜ ਤੋਂ ਐਲਾਨੇ ਉਮੀਦਵਾਰ ਲਈ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਮੁੜ ਵਿਚਾਰ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਵਰਕਰਾਂ ਵਿੱਚ ਬਾਂਸਲ ਪਰਵਾਰ ਪ੍ਰਤੀ ਰੋਸ ਹੈ ਕਿ ਕਾਂਗਰਸ ਨੂੰ ਛੱਡ ਕੇ 2012 ਦੀਆਂ ਚੋਣਾਂ ਤੋਂ ਬਾਅਦ ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ।

# ਕਮਾਲਪੁਰ ਸਕੂਲ ਦੇ ਐਨ.ਐਸ.ਐਸ. ਵਲੰਟੀਅਰਾਂ ਨੇ ਆਨ ਲਾਈਨ ਤਰੀਕੇ ਰਾਹੀਂ ਸਵੀਪ ਗਤੀਵਿਧੀਆਂ ਕੀਤੀਆਂ

ਦਿੜ੍ਹਬਾ ਮੰਡੀ, 18 ਜਨਵਰੀ (ਪੋਸਟ ਬਿਊਰੋ)- ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਸੰਗਰੂਰ ਅਤੇ ਸਹਾਇਕ ਡਾਇਰੈਕਰ ਯੁਵਕ ਸੇਵਾਵਾਂ ਵਿਭਾਗ ਜਿਲ੍ਹਾ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੈਕੰਡਰੀ ਸਕੂਲ ਕਮਾਲਪੁਰ ਦੀ ਕੌਮੀ ਸੇਵਾ ਯੋਜਨਾ ਇਕਾਈ ਵੱਲੋਂ ਅਗਾਮੀ ਵਿਧਾਨ ਸਭਾ ਚੋਣਾਂ ਸਬੰਧੀ ਆਨ ਲਾਈਨ ਵਿਧੀ ਰਾਹੀ ਸਵੀਪ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਅਫਸਰ ਹਰਜੀਤ ਸਿੰਘ ਜੋਗਾ ਨੇ



ਸਰਕਾਰੀ ਸੈਕੰਡਰੀ ਸਕੂਲ ਕਮਾਲਪੁਰ ਦੇ ਵਲੰਟੀਅਰ ਆਨਲਾਈਨ ਸਵੀਪ ਗਤੀਵਿਧੀਆਂ ਵਿੱਚ ਭਾਗ ਲੈਂਦੇ ਹੋਏ।

ਦੱਸਿਆ ਕਿ ਸਕੂਲ ਦੇ ਐਨ.ਐਸ.ਐਸ. ਵਲੰਟੀਅਰਾਂ ਵੱਲੋਂ ਵੋਟਰਾਂ ਨੂੰ ਆਪਣੇ ਵੋਟ ਪਾਉਣ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ। ਵਲੰਟੀਅਰਾਂ ਨੇ ਆਨ ਲਾਈਨ ਤਰੀਕੇ ਰਾਹੀਂ ਚਾਰਟ, ਪੋਸਟਰ ਅਤੇ ਸਲੋਗਨ ਤਿਆਰ ਕਰਕੇ ਆਪਣੇ ਵੋਟ ਦੀ ਵਰਤੋਂ ਬਗੈਰ ਕਿਸੇ ਡਰ ਜਾਂ ਲਾਲਚ ਤੋਂ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਮੁਖੀ ਡਾ. ਪਰਮਿੰਦਰ ਸਿੰਘ ਵੱਲੋਂ ਸਕੂਲ ਦੇ ਕੌਮੀ ਸੇਵਾ ਯੋਜਨਾ ਵਲੰਟੀਅਰਾਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

# ਸਿੱਖ ਨੌਜਵਾਨ ਨੇ ਬਰਫੀਲੇ ਪਾਣੀ ਵਿੱਚ ਛਾਲ ਮਾਰ ਕੇ ਬੱਚੀ ਦੀ ਜਾਨ ਬਚਾਈ



ਸ੍ਰੀਨਗਰ, 18 ਜਨਵਰੀ (ਪੋਸਟ ਬਿਊਰੋ)- ਸ੍ਰੀਨਗਰ ਦੇ ਬੇਮਿਨਾ ਖੇਤਰ ਵਿੱਚ ਹਮਦਾਨੀਆ ਕਾਲੋਨੀ ਵਿੱਚ ਇੱਕ ਪੰਜ ਸਾਲਾ ਬੱਚੀ ਨਹਿਰ ਦੇ ਕਿਨਾਰੇ ਬਣੇ ਤੱਟ ਉੱਤੇ ਜੰਮੀ ਬਰਫ ਦੀ ਮੋਟੀ ਪਰਤ ਉੱਤੇ ਪੈਦਲ ਚੱਲ ਰਹੀ ਸੀ ਕਿ ਅਚਾਨਕ ਉਸ ਦਾ ਪੈਰ ਤਿਲਕ ਗਿਆ ਅਤੇ ਉਹ ਨਹਿਰ ਵਿੱਚ ਜਾ ਡਿੱਗੀ। ਨਹਿਰ ਦਾ ਪਾਣੀ ਬਰਫੀਲਾ ਸੀ। ਉਹ ਮਦਦ ਲਈ ਰੌਲਾ ਪਾਉਣ ਲੱਗੀ। ਨੇੜੇ ਆਪਣੇ ਘਰ ਦੀ ਖਿੜਕੀ ਵਿੱਚ ਖੜ੍ਹੇ ਸਿੱਖ ਨੌਜਵਾਨ ਸਿਮਰਨ ਪਾਲ ਸਿੰਘ ਦੀ ਨਜ਼ਰ ਉਸ ਉੱਤੇ ਪਈ ਅਤੇ ਉਹ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਬਰਫੀਲੇ ਤੇ ਡੂੰਘੇ ਪਾਣੀ ਵਿੱਚ ਉਤਰ ਗਿਆ ਅਤੇ ਬੱਚੀ ਨੂੰ ਬਾਹਰ ਕੱਢ ਲਿਆ। ਬੀਤੇ ਸ਼ਨੀਵਾਰ ਦੀ ਇਹਘਟਨਾ ਨੇੜੇ ਲੱਗੇ ਇੱਕ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ ਹੈ।

ਸਿਮਰਨ ਪਾਲ ਸਿੰਘ ਨੇ ਦੱਸਿਆ ਕਿ ਮੈਂ ਇੱਕ ਬੱਚੀ ਦੇ ਚੀਕਣ ਦੀ ਆਵਾਜ਼ ਸੁਣੀ। ਕੁਝ ਲੋਕ ਉਸ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਕੋਈ ਬਰਫੀਲੇ ਪਾਣੀ ਵਿੱਚ ਜਾਣ ਤੇ ਡੁੱਬਣ ਦੇ ਡਰੋਂ ਨਹਿਰ ਵਿੱਚ ਉਤਰਨ ਦੀ ਹਿੰਮਤ ਨਹੀਂ ਦਿਖਾ ਰਿਹਾ ਸੀ। ਮੈਂ ਦੇਖਿਆ ਕਿ ਜੇ ਕੁਝ ਹੋਰ ਦੇਰ ਹੋਈ ਤਾਂ ਠੰਢ ਨਾਲ ਬੱਚੀ ਦੀ ਜਾਨ ਜਾ ਸਕਦੀ ਹੈ। ਮੈਂ ਤੁਰੰਤ ਪਾਣੀ ਵਿੱਚ ਛਾਲ ਮਾਰ ਦਿੱਤੀ। ਉਥੇ ਇੱਕ ਬਜ਼ੁਰਗ ਸਨ, ਜਿਨ੍ਹਾਂ ਨੇ ਮੇਰੀ ਮੱਦਦ ਕੀਤੀ।ਸਿਮਰਨ ਨੇ ਕਿਹਾ ਕਿ ਮੈਂ ਸਿੱਖ ਹਾਂ ਤੇ ਗੁਰੂਆਂ ਨੇ ਸਾਨੂੰ ਸਰਬੱਤ ਦਾ ਭਲਾ ਕਰਨ ਦੀ ਸਿੱਖਿਆ ਦਿੱਤੀ ਹੈ, ਚਾਹੇ ਇਸ ਵਿੱਚ ਸਾਡੀ ਜਾਨ ਕਿਉਂ ਨਾ ਚਲੀ ਜਾਏ। ਮੈਂ ਵਾਹਿਗੁਰੂ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਮੈਨੂੰ ਹਿੰਮਤ ਦਿੱਤੀ।ਇਸ ਮੌਕੇ ਸ੍ਰੀਨਗਰ ਦੇ ਫੈਆਜ ਨੇ ਕਿਹਾ ਕਿ ਇਹ ਹਿੰਦੂ-ਮੁਸਲਿਮ-ਸਿੱਖ-ਈਸਾਈ ਦੀ ਨਹੀਂ, ਇਨਸਾਨੀਅਤ ਅਤੇ ਕਸ਼ਮੀਰੀਅਤ ਦੀ ਗੱਲ ਹੈ। ਕਸ਼ਮੀਰ ਵਿੱਚ ਸਿੱਖ, ਹਿੰਦੂ ਅਤੇ ਮੁਸਲਿਮ ਏਕਤਾ ਸਦੀਆਂ ਤੋਂ ਏਸੇ ਤਰ੍ਹਾਂ ਨਿਭਦੀ ਆ ਰਹੀ ਹੈ।

# ਆਬੂ ਧਾਬੀ ਏਅਰਪੋਰਟ ਨੇੜੇ ਧਮਾਕੇ ਵਿੱਚ ਦੋ ਭਾਰਤੀਆਂ ਸਣੇ ਤਿੰਨ ਮੌਤਾਂ



ਦੁਬਈ, 18 ਜਨਵਰੀ (ਪੋਸਟ ਬਿਊਰੋ)-ਸੰਯੁਕਤ ਅਰਬ ਅਮੀਰਾਤ (ਯੂ ਏ ਈ) ਉੱਤੇ ਯਮਨ ਦੇ ਹਾਊਦੀ ਬਾਗ਼ੀਆਂ ਨੇ ਵੱਡਾ ਹਮਲਾ ਕੀਤਾ ਹੈ, ਜਿਸ ਵਿੱਚ ਚੋਖਾ ਨੁਕਸਾਨ ਹੋਣ ਦੀ ਖਬਰ ਹੈ।

ਮਿਲੀ ਜਾਣਕਾਰੀ ਮੁਤਾਬਕ ਆਬੂ ਧਾਬੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨਵੇਂ ਨਿਰਮਾਣ ਸਥਾਨ ਉੱਤੇ ਕੱਲ੍ਹ ਦੋ ਜ਼ੋਰਦਾਰ ਧਮਾਕੇ ਹੋਏ। ਡਰੋਨ ਰਾਹੀਂ ਕੀਤੇ ਇਨ੍ਹਾਂ ਹਮਲਿਆਂ ਦੀ ਜ਼ਿਮੇਵਾਰੀ ਈਰਾਨ ਦੇ ਸਮਰਥਕ ਹਾਊਦੀ ਬਾਗ਼ੀਆਂ ਨੇ ਲਈ ਹੈ। ਸਰਕਾਰੀ ਖ਼ਬਰ ਏਜੰਸੀ ਮੁਤਾਬਕ ਆਬੂਧਾਬੀ ਵਿੱਚ ਸ਼ੱਕੀ ਡਰੋਨ ਹਮਲੇ ਵਿੱਚ ਇੱਕ ਪ੍ਰਮੁੱਖ ਤੇਲ ਸਟੋਰੇਜ਼ ਨੇੜੇ ਇੱਕ ਤੇਲ ਟੈਂਕਰ ਵਿੱਚ ਧਮਾਕਾ ਹੋਇਆ ਜਿਸ'ਚ ਦੋ ਭਾਰਤੀਆਂ ਅਤੇ ਇੱਕ ਪਾਕਿਸਤਾਨੀ ਦੀ ਮੌਤ ਹੋ ਗਈ ਅਤੇ ਛੇ ਜ਼ਖ਼ਮੀ ਹੋ ਗਏ। ਪੁਲਸ ਨੇ ਪਹਿਲਾਂ ਕਿਹਾ ਸੀ ਕਿ ਆਬੂਧਾਬੀ ਵਿੱਚ ਤਿੰਨ ਤੇਲ ਟੈਂਕਰਾਂ ਵਿੱਚ ਧਮਾਕੇ ਅਤੇ ਅਮੀਰਾਤ ਦੇ ਨਵੇਂ ਹਵਾਈ ਅੱਡੇ ਦੇ ਵਾਧੇ ਦੇ ਨਿਰਮਾਣ ਸਥਾਨ ਵਿੱਚ ਅੱਗ ਸੰਭਾਵੀ ਤੌਰ ਉੱਤੇ ਡਰੋਨਾਂ ਕਾਰਨ ਲੱਗੀ ਸੀ।

ਸਥਾਨਕ ਮੀਡੀਆ ਦਾ ਕਹਿਣਾ ਹੈ ਕਿ ਤਿੰਨਾਂ ਤੇਲ ਟੈਂਕਰਾਂ ਵਿੱਚ ਸਭ ਤੋਂ ਪਹਿਲਾਂ ਮੁਸਾਫ਼ਾ ਇਲਾਕੇ ਵਿੱਚ ਧਮਾਕਾ ਹੋਇਆ। ਹਾਊਦੀ ਸੰਗਠਨ ਨਾਲ ਜੁੜੇ ਇੱਕ ਟਵਿੱਟਰ ਅਕਾਊਂਟ ਦੀ ਪੋਸਟ ਅਨੁਸਾਰ ਹਾਊਦੀ ਅਗਲੇ ਦਿਨਾਂ ਵਿੱਚ ਯੂ ਏ ਈ ਵਿੱਚ ਵੱਡੀ ਫ਼ੌਜੀ ਕਾਰਵਾਈ ਦੀ ਯੋਜਨਾ ਬਣਾ ਰਹੇ ਹਨ। ਸਾਊਦੀ ਅਰਬ ਤੋਂ ਬਾਅਦ ਹਾਊਦੀ ਬਾਗ਼ੀਆਂ ਨੇ ਯੂ ਏ ਈ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਪਤਾ ਲੱਗਾ ਹੈ ਕਿ ਦੋਵਾਂ ਥਾਵਾਂ ਉੱਤੇ ਅੱਗ ਉਤੇ ਕਾਬੂ ਪਾ ਲਿਆ ਗਿਆ ਹੈ। ਹਮਲੇ ਨਾਲ ਹਵਾਈ ਆਵਾਜਾਈ ਪ੍ਰਭਾਵਤ ਨਹੀਂ ਹੋਈ ਅਤੇ ਨਾ ਕਿਸੇ ਤਰ੍ਹਾਂ ਦਾ ਕੋਈ ਵੱਡਾ ਨੁਕਸਾਨ ਹੋਇਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਵੱਡੇ ਪੱਧਰ ਉੱਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

### ਪ੍ਰਧਾਨ ਮੰਤਰੀ ਫੰਡ ਵਿੱਚ ਗਬਨ ਦਾ ਖੁਲਾਸਾ:

# ਮਹਿਬੂਬਾ ਸਰਕਾਰ ਨੇ ਹੜ੍ਹ ਦਾ ਪੈਸਾ ਕਸ਼ਮੀਰੀ ਅਰਬਪਤੀਆਂ ਤੇ ਵੱਡੇ ਘਰਾਣਿਆਂ ਨੂੰ ਵੰਡਿਆ

ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਸਤੰਬਰ 2014 ਵਿੱਚ ਹੜ੍ਹ ਪੀੜਤਾਂ ਲਈ ਕੇਂਦਰ ਸਰਕਾਰ ਵੱਲੋਂ ਦਿੱਤੇ ਪ੍ਰਧਾਨ ਮੰਤਰੀ ਵਿਕਾਸ ਪੈਕੇਜ ਫੰਡ ਵਿੱਚ ਵੱਡੇ ਪੱਧਰ ਉੱਤੇ ਬੇਨਿਯਮੀਆਂ ਕਰ ਕੇ ਮਹਿਬੂਬਾ ਮੁਫ਼ਤੀ ਦੀ ਸਰਕਾਰ ਨੇ ਪੈਕੇਜ ਦਾ ਪੈਸਾ ਸੂਬੇ ਦੇ ਕਈ ਅਰਬਪਤੀਆਂ ਤੇ ਵੱਡੇ ਕਾਰੋਬਾਰੀ ਘਰਾਣਿਆਂ ਵਿੱਚ ਵੰਡ ਦਿੱਤਾ ਸੀ। ਇਹ ਅਰਬਪਤੀ ਤੇ ਵੱਡੇ ਕਾਰੋਬਾਰੀ ਘਰਾਣੇ ਇਸ ਪੈਕੇਜ ਤੋਂ ਮਿਲਦੀ ਰਾਹਤ ਦੇ ਹੱਕਦਾਰ ਨਹੀਂ ਸਨ।

ਭਾਰਤ ਸਰਕਾਰ ਨੂੰ ਸੌਂਪੀ ਅਤੇ ਪਾਰਲੀਮੈਂਟ ਵਿੱਚ ਪੇਸ਼ ਕੀਤੀ ਗਈ ਵਿਸ਼ੇਸ਼ ਆਡਿਟ ਰਿਪੋਰਟ ਵਿੱਚ ਕੰਪਟ੍ਰੋਲਰ ਐਂਡ ਆਡੀਟਰ ਜਨਰਲ ਆਫ ਇੰਡੀਆ (ਕੈਗ) ਨੇ ਇਹ ਖੁਲਾਸਾ ਕੀਤਾ ਹੈ। ਕੈਗ ਨੇ ਜੰਮੂ-ਕਸ਼ਮੀਰ ਸਰਕਾਰ ਨੂੰ ਕਰੋੜਾਂ ਰੁਪਏ ਦੀ ਵਸੂਲੀ ਕਰਨ ਨੂੰ ਕਿਹਾ ਹੈ। ਕੈਗ ਦੀ ਰਿਪੋਰਟ ਦੇ ਅਨੁਸਾਰ ਇੱਕ ਸਾਬਕਾ ਕਾਂਗਰਸੀ ਨੇਤਾ ਦੇ ਪਰਵਾਰ ਵੱਲੋਂ ਚਲਾਏ ਜਾਂਦੇ ਇੱਕ ਨਿੱਜੀ ਟਰੱਸਟ ਨੂੰ 55 ਲੱਖ ਰੁਪਏ ਦੀ ਰਕਮ ਮਿਲੀ ਸੀ, ਜਦਕਿ ਕੋਈ ਨਿੱਜੀ ਟਰੱਸਟ ਰਾਹਤ ਦਾ ਹੱਕਦਾਰ ਨਹੀਂ ਸੀ। ਇੱਕ ਵਿਸ਼ੇਸ਼ ਕਾਰੋਬਾਰੀ ਬਲਦੇਵ ਸਿੰਘ ਰੈਣਾ, ਜੋ ਆਟੋਮੋਬਾਈਲ ਦਾ ਕੰਮ ਕਰਦਾ ਤੇ ਪੰਜ ਕੰਪਨੀਆਂ ਦਾ ਸੰਚਾਲਕ ਹੈ, ਨੂੰ ਯੋਗਤਾ ਨਾ ਹੋਣ ਦੇ ਬਾਵਜੂਦ ਲੱਗਭਗ 13 ਕਰੋੜ ਰੁਪਏ ਮਿਲੇ। ਦੋ ਪ੍ਰਮੁੱਖ ਕਾਰੋਬਾਰੀ ਘਰਾਣਿਆਂ ਨੂੰ ਬਿਨਾਂ ਯੋਗਤਾ ਦੇ 12 ਕਰੋੜ ਰੁਪਏ ਦਿੱਤੇ ਗਏ।ਕੁੱਲ 50,081 ਛੋਟੇ ਕਾਰੋਬਾਰੀਆਂ, ਜਿਨ੍ਹਾਂ ਦਾ ਸਾਲਾਨਾ ਕਾਰੋਬਾਰ 10 ਲੱਖ ਰੁਪਏ ਤਕ ਸੀ ਤੇ ਜਿਨ੍ਹਾਂ ਵੱਲ ਡਵੀਜ਼ਨਲ ਕਮਿਸ਼ਨਰ ਕਸ਼ਮੀਰ ਨੇ ਸਬੰਧਤ ਡਿਪਟੀ ਕਮਿਸ਼ਨਰਾਂ ਦੀਆਂ ਸਿਫ਼ਾਰਿਸ਼ਾਂ ਉੱਤੇ ਖਾਸ ਧਿਆਨ ਦਿੱਤਾ ਸੀ, ਨੂੰ ਅਸਲ ਨੁਕਸਾਨ ਦੀ 50 ਫ਼ੀਸਦੀ ਵਿੱਤੀ ਸਹਾਇਤਾ ਮਿਲਣੀ ਸੀ। ਕੈਗ ਨੇ ਵੇਖਿਆ ਕਿ 9 ਕਰਜ਼ਦਾਰਾਂ ਦੇ ਖਾਤੇ, ਜੋ ਸਤੰਬਰ 2014 ਦੇ ਹੜ੍ਹ ਤੋਂ ਪਹਿਲਾਂ ਵੀ ਸਬ-ਸਟੈਂਡਰਡ ਸਨ, ਬਾਅਦ ਵਿੱ-ਚਬਣਾਏ ਗਏ 11,449 ਖਾਤਿਆਂ ਦੀ ਸੂਚੀ ਵਿੱਚ ਸ਼ਾਮਲ ਕੀਤੇ ਗਏ। ਉਨ੍ਹਾਂ ਖਾਤਿਆਂ ਵਿੱਚ 1 ਸਤੰਬਰ 2014 ਤੋਂ 31 ਦਸੰਬਰ 2015 ਦੌਰਾਨ 16.49 ਲੱਖ ਰੁਪਏ ਦੇ ਵਿਆਜ ਉੱਤੇ 50 ਫ਼ੀਸਦੀ ਵਿਆਜ ਸਬਵੈਂਸ਼ਨ (ਕਰਜ਼ੇ ਉੱਤੇ ਸਬਸਿਡੀ) ਦਿੱਤੀ ਗਈ। ਇਸ ਦੇ ਨਾਲ ਉਨ੍ਹਾਂ ਅਯੋਗ ਕਰਜ਼ਦਾਰਾਂ ਨੂੰ 36.62 ਲੱਖ ਰੁਪਏ ਦਾ ਵਿਆਜ ਸਬਵੈਂਸ਼ਨ ਵੀ ਦਿੱਤਾ ਗਿਆ।

## ਬੁੱਲੀ ਬਾਈ ਕੇਸ ਦੇ ਦੋਸ਼ੀਆਂ ਨੇ ਸੋਸ਼ਲ ਮੀਡੀਆ ਖਾਤਿਆਂ ਲਈ ਸਿੱਖ ਨਾ ਵਰਤੇ: ਪੁਲਸ

ਮੁੰਬਈ, 18 ਜਨਵਰੀ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਇੱਥੇ ਇੱਕ ਲੋਕਲ ਅਦਾਲਤ ਨੂੰ ਦੱਸਿਆ ਕਿ 'ਬੁਲੀ ਬਾਈ' ਐਪ ਨਾਲ ਜੁੜੇ ਇੱਕ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਤਿੰਨ ਜਣਿਆਂ ਨੇ ਸਮਾਜ ਵਿੱਚ ਸ਼ਾਂਤੀ ਭੰਗ ਕਰਨ ਅਤੇ ਧਾਰਮਿਕ ਵਰਗਾਂ ਵਿਚਕਾਰ ਦੁਸ਼ਮਣੀ ਪੈਦਾ ਕਰਨ ਦੇ ਇਰਾਦੇ ਨਾਲ ਆਪਣੇ ਸੋਸ਼ਲ ਮੀਡੀਆ ਖਾਤਿਆਂ ਲਈ ਸਿੱਖ ਭਾਈਚਾਰੇ ਨਾਲ ਜੁੜੇ ਨਾਂ ਵਰਤੇ ਹਨ, ਜਿਸ ਨਾਲ ਹਾਲਾਤ ਵਿਗੜ ਸਕਦੇ ਸਨ।

ਸ਼ਹਿਰੀ ਪੁਲਸ ਦੇ ਸਾਈਬਰ ਸੈਲ ਨੇ ਸਬਰਬਨ ਕੇਂਦਰ ਬਾਂਦਰਾ ਵਿੱਚ ਮੈਟ੍ਰੋਪੋਲਿਟਨ ਮਜਿਸਟ੍ਰੇਟ ਦੀ ਅਦਾਲਤ ਵਿੱਚਪੇਸ਼ ਐਫੀਡੇਵਿਟ ਵਿੱ-ਚਇਸ ਕੇਸ ਦੇ ਤਿੰਨ ਦੋਸ਼ੀਆਂ ਵਿਸ਼ਾਲ ਕੁਮਾਰ ਝਾਅ, ਸ਼ਵੇਤਾ ਸਿੰਘ ਤੇ ਮਯੰਕ ਰਾਵਤ ਦੀਆਂ ਜ਼ਮਾਨਤ ਪਟੀਸ਼ਨਾਂ ਦਾ ਵਿਰੋਧ ਕੀਤਾ। ਮੁੰਬਈ ਪੁਲਸ ਦੇ ਸਾਈਬਰ ਸੈਲ ਨੇ ਸਿੰਘ (18) ਅਤੇ ਰਾਵਤ (21) ਨੂੰ ਪੰਜ ਜਨਵਰੀ ਨੂੰ ਉਤਰਾਖੰਡ ਅਤੇ ਝਾਅ ਨੂੰ ਚਾਰ ਜਨਵਰੀ ਨੂੰ ਬੰਗਲੂਰੂ ਤੋਂ ਫੜਿਆ ਸੀ। ਇਸ ਐਪ ਰਾਹੀਂ ਮੁਸਲਿਮ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ। ਇਹ ਤਿੰਨੇ ਦੋਸ਼ੀ ਇਸ ਸਮੇਂ ਜੁਡੀਸ਼ਲ ਹਿਰਾਸਤ ਵਿੱਚ ਹਨ। ਅਦਾਲਤ ਨੇ ਦੋਸ਼ੀਆਂ ਦੇ ਵਕੀਲਾਂ ਦੀ ਦਲੀਲਾਂ ਸੁਣੀਆਂ ਤੇ ਜ਼ਮਾਨਤ ਪਟੀਸ਼ਨਾਂ ਉੱਤੇ ਸੁਣਵਾਈ ਮੁਲਤਵੀ ਕਰ ਦਿੱਤੀ। ਪੁਲਸ ਨੇ ਐਫੀਡੇਵਿਟ ਵਿੱਚ ਕਿਹਾ ਕਿ ਝਾਅ, ਰਾਵਤ ਅਤੇ ਸਿੰਘ ਇੱਕ ਵਿਸ਼ੇਸ਼ ਸੋਚ ਨਾਲ ਕੰਮ ਕਰਦੇ ਕਈ ਸੋਸ਼ਲ ਮੀਡੀਆ ਗਰੁੱਪਾਂ ਦਾ ਹਿੱਸਾ ਸਨ। ਉਸ ਨੇ ਕਿਹਾ, 'ਦੋਸ਼ੀ ਸੋਸ਼ਲ ਮੀਡੀਆ ਉੱਤੇ ਜ਼ਿਆਦਾ ਸਮੱਗਰੀਆਂ ਪੋਸਟ ਕਰਦੇ ਸਨ, ਜਿਸ ਨਾਲ ਸਮਾਜ ਵਿੱਚ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਸੀ।" ਬਿਆਨ ਮੁਤਾਬਕ ਇਨ੍ਹਾਂ ਦੋਸ਼ੀਆਂ ਨੇ ਆਪਣੇ ਟਵਿੱਟਰ ਖਾਤਿਆਂ ਵਿੱਚ ਸਿੱਖ ਭਾਈਚਾਰੇ ਦੇ ਨਾਂ ਤੇ ਸ਼ਬਦਾਂ ਨੂੰ ਗ਼ਲਤ ਢੰਗ ਨਾਲ ਸ਼ਾਮਲ ਕੀਤਾ ਅਤੇ ਸੋਸ਼ਲ ਮੀਡੀਆ ਰਾਹੀਂ ਸੰਦੇਸ਼ ਪੋਸਟ ਕਰਦੇ ਸਮੇਂ ਵੀ ਇਹੀ ਕੀਤਾ। ਪੁਲਸ ਨੇ ਕਿਹਾ ਕਿ ਇਸ ਦੇ ਪਿੱਛੇ ਉਨ੍ਹਾਂ ਦਾ ਮਕਸਦ ਧਰਮਾਂ ਵਿਚਕਾਰ ਦੁਸ਼ਮਣੀ ਪੈਦਾ ਕਰਨਾ ਸੀ।

# ਕੋਵਿਡ ਮਹਾਂਮਾਰੀ ਮੌਕੇ ਭਾਰਤ ਦੇ ਅਰਬਪਤੀਆਂ ਦੀ ਜਾਇਦਾਦ ਦੁੱਗਣੇ ਤੋਂ ਵੀ ਵਧ ਗਈ



ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਕੋਵਿਡ ਮਹਾਂਮਾਰੀ ਦੌਰਾਨ ਭਾਰਤ ਦੇ ਅਰਬਪਤੀਆਂ ਦੀ ਕੁੱਲ ਜਾਇਦਾਦ ਵੱਧ ਕੇ ਦੁਗਣੀ ਤੋਂ ਵੱਧ ਹੋ ਗਈ ਹੈ ਅਤੇ 10 ਸਭ ਤੋਂ ਅਮੀਰ ਲੋਕਾਂ ਦੀ ਜਾਇਦਾਦ 25 ਸਾਲ ਤਕ ਦੇਸ਼ ਦੇ ਹਰ ਬੱਚੇ ਨੂੰ ਸਕੂਲੀ ਸਿੱਖਿਆ ਅਤੇ ਉਚ ਸਿੱਖਿਆ ਦੇਣ ਲਈ ਕਾਫ਼ੀ ਹੈ। ਇੱਕ ਅਧਿਅਨਮੁਤਾਬਕ ਇਸ ਸਮੇਂ ਦੇ ਦੌਰਾਨ ਭਾਰਤਦੇ ਅਰਬਪਤੀਆਂ ਦੀ ਗਿਣਤੀ 39 ਫ਼ੀਸਦੀ ਤੋਂ ਵੱਧ ਕੇ 142 ਹੋ ਗਈ ਹੈ।

ਰਿਪੋਰਟ ਮੁਤਾਬਕ 2021 ਵਿੱਚ ਜਿੱਥੇ ਭਾਰਤ ਦੇ 84 ਫ਼ੀਸਦੀ ਪਰਵਾਰਾਂ ਦੀ ਆਮਦਨ ਵਿੱਚ ਕਮੀ ਆਈ, ਉਥੇ ਭਾਰਤੀ ਅਰਬਪਤੀਆਂ ਦੀ ਗਿਣਤੀ 102 ਤੋਂ ਵਧ ਕੇ 142 ਹੋ ਗਈ ਹੈ। ਵੀਡੀਓ ਕਾਨਫ਼ਰੰਸ ਤੋਂਕਰਵਾਏ ਗਏ ਵਿਸ਼ਵ ਆਰਥਿਕ ਮੰਚ ਦੇ ਦੇਵਾਸ ਏਜੰਡਾ ਸੰਮੇਲਨ ਦੇ ਪਹਿਲੇ ਦਿਨ ਜਾਰੀ ਹੋਏ ਆਕਸਫੈਮ ਇੰਡੀਆ ਦੇ ਸਾਲਾਨਾ ਅਸਮਾਨਤਾ ਸਰਵੇ ਵਿੱਚ ਕਿਹਾ ਗਿਆ ਕਿ ਜੇ ਸਭ ਤੋਂ ਅਮੀਰ 10 ਫ਼ੀਸਦੀ ਲੋਕਾਂ ਉੱਤੇ ਇੱਕ ਫ਼ੀਸਦੀ ਵਾਧੂ ਟੈਕਸ ਲਾ ਦਿੱਤਾ ਜਾਵੇ, ਤਾਂ ਭਾਰਤ ਦੇਸ਼ ਨੂੰ ਲੱਗਭਗ 17.7 ਲੱਖ ਵਾਧੂ ਆਕਸੀਜਨ ਸਿਲੰਡਰ ਮਿਲ ਸਕਦੇ ਹਨ। ਆਰਥਿਕ ਨਾ-ਬਰਾਬਰੀ ਉੱਤੇ ਆਕਸਫੈਮ ਦੀ ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ 142 ਭਾਰਤੀ ਅਰਬਪਤੀਆਂ ਕੋਲ ਕੁੱਲ 719 ਅਰਬ ਅਮਰੀਕੀ ਡਾਲਰ (53 ਲੱਖ ਕਰੋੜ ਰੁਪਏ ਤੋਂ ਵੱਧ) ਦੀ ਜਾਇਦਾਦ ਹੈ। ਦੇਸ਼ ਦੇ ਸਭ ਤੋਂ ਅਮੀਰ 98 ਲੋਕਾਂ ਦੀ ਕੁੱਲ ਜਾਇਦਾਦ, ਸਭ ਤੋਂ ਗ਼ਰੀਬ 55.5 ਕਰੋੜ ਲੋਕਾਂ ਦੀ ਕੁੱਲ ਜਾਇਦਾਦ ਦੇ ਬਰਾਬਰ ਹੈ।

ਇਸ ਖਾਸ ਰਿਪੋਰਟ ਮੁਤਾ-ਬਕ ਜੇ 10 ਸਭ ਤੋਂ ਅਮੀਰ ਭਾਰਤੀ ਅਰਬਪਤੀਆਂ ਨੂੰ ਰੋਜ਼ 10 ਲੱਖ ਅਮਰੀਕੀ ਡਾਲਰ ਖ਼ਰਚ ਕਰਨੇ ਪਏ ਤਾਂ ਉਨ੍ਹਾਂ ਦੀ ਮੌਜੂਦਾ ਜਾਇਦਾਦ 84 ਸਾਲਚੱਲੇਗੀ। ਆਕਸਫੈਮ ਨੇ ਕਿਹਾ ਕਿ ਇਨ੍ਹਾਂ ਅਰਬਪਤੀਆਂ ਨੂੰ ਸਾਲਾਨਾ ਜਾਇਦਾਦ ਟੈਕਸ ਲਾਉਣ ਨਾਲ ਹਰ ਸਾਲ 78.3 ਅਰਬ ਅਮਰੀਕੀ ਡਾਲਰ ਮਿਲਣਗੇ ਜਿਸ ਦੇ ਨਾਲ ਸਰਕਾਰੀ ਸਿਹਤ ਬਜਟਦਾ 271 ਫ਼ੀਸਦੀ ਵਾਧਾ ਹੋ ਸਕਦਾ ਹੈ।ਰਿਪੋਰਟ ਮੁਤਾਬਕ ਕੋਵਿਡ-19 ਦੀ ਸ਼ੁਰੂਆਤ ਇੱਕ ਸਿਹਤ ਸੰਕਟ ਵਜੋਂ ਹੋਈ ਸੀ, ਪਰ ਇਹ ਇੱਕ ਆਰਥਕ ਸੰਕਟ ਬਣ ਗਿਆ ਹੈ। ਮਹਾਂਮਾਰੀ ਦੌਰਾਨ ਸਭ ਤੋਂ ਅਮੀਰ 10 ਫ਼ੀਸਦੀ ਲੋਕਾਂ ਨੇ ਰਾਸ਼ਟਰੀ ਜਾਇਦਾਦ ਦਾ 45 ਫ਼ੀਸਦੀ ਹਿੱਸਾ ਹਾਸਲ ਕੀਤਾ, ਜਦਕਿ ਹੇਠਲੀ 50 ਫ਼ੀਸਦੀ ਆਬਾਦੀ ਦੇ ਹਿੱਸੇ ਸਿਰਫ਼ ਛੇ ਫ਼ੀਸਦੀ ਰਾਸ਼ੀ ਆਈ। ਅਧਿਅਨ ਵਿੱਚ ਸਰਕਾਰ ਤੋਂ ਆਮਦਨ ਪੈਦਾ ਕਰਨ ਦੇ ਮੁੱਢਲੇ ਸਰੋਤਾਂ ਉੱਤੇ ਮੁੜ ਵਿਚਾਰ ਕਰਨ ਅਤੇ ਟੈਕਸ ਲਗਾਉਣ ਦੇ ਹੋਰ ਪ੍ਰਗਤੀਸ਼ੀਲ ਤਰੀਕੇ ਅਪਣਾਉਣ ਦੀ ਅਪੀਲ ਕੀਤੀ ਗਈ ਹੈ।

# ਉਘੇ ਕੱਥਕ ਉਸਤਾਦ ਬਿਰਜੂ ਮਹਾਰਾਜ ਦਾ ਦਿਹਾਂਤ



ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਕੱਥਕ ਨਾਚ ਦੇ ਪ੍ਰਸਿੱਧ ਉਸਤਾਦ ਪੰਡਿਤ ਬਿਰਜੂ ਮਹਾਰਾਜ (83) ਦਾ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਹੈ। ਇਸਹ ਜਾਣਕਾਰੀ ਉਨ੍ਹਾਂ ਦੇ ਪੋਤੇ ਸਵਰਾਂਸ਼ ਮਿਸ਼ਰਾ ਅਤੇ ਪੋਤੀ ਰਾਗਨੀ ਮਹਾਰਾਜ ਨੇ ਦਿੱਤੀ ਹੈ। ਰਵਾਇਤੀ ਭਾਰਤੀ ਨ੍ਰਿਤ ਸ਼ੈਲੀ ਕੱਥਕ ਨੂੰ ਵਿਸ਼ਵ ਪੱਧਰ ਉੱਤੇ ਲੈ ਕੇ ਜਾਣ ਵਾਲੇ ਮਸ਼ਹੂਰ ਕੱਥਕ ਡਾਂਸਰ ਬਿਰਜੂ ਮਹਾਰਾਜ ਅਗਲੇ ਮਹੀਨੇ ਚਾਰ ਫਰਵਰੀ ਨੂੰ 84 ਸਾਲ ਦੇ ਹੋਣ ਵਾਲੇ ਸਨ। ਉਨ੍ਹਾਂ ਦੇ ਦਿਹਾਂਤ ਉੱਤੇਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਉਪ-ਰਾਸ਼ਟਰਪਤੀ ਐਮ ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿੱਤ ਮੰਤਰੀ ਨਿਰਮਲਾ ਸੀਤਾਰਾਮਨ, ਕਾਂਗਰਸੀ ਆਗੂ ਰਾਹੁਲ ਗਾਂਧੀ ਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬਿਰਜੂ ਮਹਾਰਾਜ ਦਾ ਅੰਤਿਮ ਸੰਸਕਾਰ ਦਿੱਲੀ ਦੇ ਲੋਧੀ ਰੋਡ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ ਹੈ, ਜਿੱਥੇ ਪਰਵਾਰਕ ਮੈਂਬਰਾਂ ਤੇ ਵੱਖ-ਵੱਖ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਲਖਨਊ ਘਰਾਣੇ ਨਾਲ ਸਬੰਧਤ ਬਿਰਜੂ ਮਹਾਰਾਜ ਦਾ ਜਨਮ 4 ਫਰਵਰੀ 1938 ਨੂੰ ਲਖਨਊ ਵਿੱਚ ਹੋਇਆ ਸੀ। ਉਨ੍ਹਾਂ ਦਾ ਅਸਲੀ ਨਾਂਅ ਪੰਡਿਤ ਬ੍ਰਿਜਮੋਹਨ ਮਿਸ਼ਰਾ ਸੀ। ਕੱਥਕ ਡਾਂਸਰ ਹੋਣ ਦੇ ਨਾਲ ਉਹ ਕਲਾਸੀਕਲ ਗਾਇਕ ਵੀ ਸਨ। ਬਿਰਜੂ ਮਹਾਰਾਜ ਦੇ ਪਿਤਾ ਅਤੇ ਗੁਰੂ ਅੱਚਨ ਮਹਾਰਾਜ, ਚਾਚਾ ਸ਼ੰਭੂ ਮਹਾਰਾਜ ਅਤੇ ਲੱਛੂ ਮਹਾਰਾਜ ਵੀ ਪ੍ਰਸਿੱਧ ਕੱਥਕ ਡਾਂਸਰ ਸਨ। ਬਿਰਜੂ ਮਹਾਰਾਜ ਨੇ ਦੇਵਦਾਸ, ਡੇਢ ਇਸ਼ਕੀਆ, ਉਮਰਾਓ ਜਾਨ ਤੇ ਬਾਜੀਰਾਓ ਮਸਤਾਨੀ ਆਦਿ ਫ਼ਿਲਮਾਂ ਲਈ ਡਾਂਸ ਦੀ ਕੋਰੀਓਗ੍ਰਾਫੀ ਕੀਤੀ ਹੈ। ਬਨਾਰਸ ਹਿੰਦੂ ਯੂਨੀਵਰਸਿਟੀ ਤੇ ਖੈਰਾਗੜ੍ਹ ਯੂਨੀਵਰਸਿਟੀ ਨੇ ਬਿਰਜੂ ਮਹਾਰਾਜ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਸੀ। ਸਾਲ 2012 ਵਿੱਚ ਉਨ੍ਹਾਂ ਨੂੰ ਵਿਸ਼ਵਰੂਪ ਫਿਲਮ ਵਿੱਚ ਡਾਂਸ ਕੋਰੀਓਗ੍ਰਾਫੀ ਲਈ ਰਾਸ਼ਟਰੀ ਫਿਲਮ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ ਜਦਕਿ 2016 ਵਿੱਚ ਬਾਲੀਵੁੱਡ ਫਿਲਮ 'ਬਾਜੀਰਾਓ ਮਸਤਾਨੀ' ਦੇ ਗੀਤ 'ਮੋਹੇ ਰੰਗ ਦੋ ਲਾਲ' ਨੂੰ ਕੋਰੀਓਗ੍ਰਾਫੀ ਲਈ ਫਿਲਮਫੇਅਰ ਪੁਰਸਕਾਰ ਮਿਲਿਆ ਸੀ।

# ਪਾਕਿ ਪਾਇਲਟ ਨੇ ਰਸਤੇ ਦੇ ਏਅਰਪੋਰਟ ਉੱਤੇ ਕਿਹਾ: ਡਿਊਟੀ ਖਤਮ ਹੈ, ਮੈਂ ਨਹੀਂ ਜਹਾਜ਼ ਉਡਾਉਣਾ



ਇਸਲਾਮਾਬਾਦ, 18 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਸ (ਪੀ ਆਈ ਏ) ਇੱਕ ਵਾਰ ਫਿਰ ਵਿਵਾਦਾਂ ਵਿੱਚ ਆ ਗਈ ਹੈ। ਇਸ ਵਾਰ ਪਾਕਿਸਤਾਨ ਦੀ ਇਸ ਸਰਕਾਰੀ ਏਅਰਲਾਈਨਸ ਦੇ ਇੱਕ ਪਾਇਲਟ ਨੇ ਸਾਊਦੀ ਅਰਬ ਤੋਂਜਹਾਜ਼ ਨੂੰ ਇਸਲਾਮਾਬਾਦ ਲੈ ਜਾਣ ਤੋਂ ਇਨਕਾਰ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਯਾਤਰੀ ਦੂਸਰੇ ਮੁਲਕ ਵਿੱਚ ਫਸ ਗਏ। ਇਹ ਮਾਮਲਾ ਐਤਵਾਰ ਦੇਰ ਰਾਤ ਦਾ ਹੈ। ਇਸ ਮੌਕੇ ਏਅਰਲਾਈਨਸ ਕੰਪਨੀ ਨੇ ਕਿਹਾ ਕਿ ਯਾਤਰੀਆਂ ਨੂੰ ਵਾਪਸ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਇਹ ਸਰਕਾਰੀ ਏਅਰਲਾਈਨਸ ਕੰਪਨੀ ਜਾਅਲੀ ਪਾਇਲਟ ਲਾਇਸੈਂਸ ਦੇ ਕੇਸ ਵਿੱਚ ਫਸ ਗਈ ਸੀ। ਇਸ ਦੇਸ਼ ਦੇ ਸਿਵਲ ਏਵੀਏਸ਼ਨ ਮਨਿ-ਸਟਰ ਨੇ ਖੁਦ ਪਾਰਲੀਮੈਂਟ ਵਿੱਚ ਮੰਨਿਆ ਸੀ ਕਿ ਦੇਸ਼ ਦੇ ਚਾਲੀ ਫੀਸਦੀ ਪਾਇਲਟਾਂ ਦੇ ਲਾਇਸੈਂਸ ਜਾਅਲੀ ਹਨ। ਬੀਤੇ ਐਤਵਾਰ ਸਾਊਦੀ ਅਰਬ ਦੀ ਰਾਜਧਾਨੀ ਰਿਆਦ ਤੋਂ ਇਸ ਏਅਰਲਾਈਨ ਦੀ ਫਲਾਈਟ ਨੇ ਟੇਕ-ਆਫ ਕਰਨਾ ਸੀ। ਸਾਰੇ ਯਾਤਰੀ ਆਨਬੋਰਡ ਹੋ ਚੁੱਕੇ ਸਨ। ਇਹ ਫਲਾਈਟ ਇੱਥੋਂ ਟੇਕਆਫ ਕਰਨ ਦੇ ਬਾਅਦ ਸਿੱਧਾ ਇਸਲਾਮਾ-ਬਾਦ ਵਿੱਚ ਲੈਂਡ ਕਰਨੀ ਸੀ। ਜਹਾਜ਼ ਉੱਡਿਆ ਅਤੇ ਇਸ ਦੇ ਬਾਅਦ ਮੌਸਮ ਖਰਾਬ ਹੋ ਗਿਆ। ਇਸ ਕਾਰਨ ਫਲਾਈਟ ਨੂੰ ਦੰਮਾਮ ਸ਼ਹਿਰ ਵਿੱਚ ਲੈਂਡ ਕਰਾਇਆ ਗਿਆ। ਕੁਝ ਦੇਰ ਵਿੱਚ ਮੌਸਮ ਸਾਫ ਹੋ ਗਿਆ, ਪਰ ਇੱਕ ਨਵਾਂ ਹੰਗਾਮਾ ਖੜ੍ਹਾ ਹੋ ਗਿਆ। ਪਾਇਲਟ ਨੇ ਕਿਹਾ ਕਿ ਉਸ ਦੀ ਡਿਊਟੀ ਖਤਮ ਹੋ ਚੁੱਕੀ ਹੈ ਤੇ ਉਹ ਫਲਾਈਟ ਨੂੰ ਇਸਲਾਮਾਬਾਦ ਨਹੀਂ ਲੈ ਜਾਏਗਾ। ਇਸ ਕਾਰਨ ਯਾਤਰੀ ਭੜਕ ਗਏ ਅਤੇ ਉਨ੍ਹਾਂ ਨੇ ਪਲੇਨ ਵਿੱਚੋਂ ਉਤਰਨ ਤੋਂ ਇਨਕਾਰ ਕਰ ਦਿੱਤਾ।ਹੰਗਾਮਾ ਵਧਦੇ ਦੇਖ ਕੇ ਦੰਮਾਮ ਏਅਰਪੋਰਟ ਦੇ ਅਧਿਕਾਰੀਆਂ ਨੇ ਸਕਿਓਰਿਟੀ ਫੋਰਸ ਬੁਲਾਈ ਅਤੇ ਯਾਤਰੀਆਂ ਨੂੰ ਹੇਠਾਂ ਉਤਾਰਿਆ। ਬਾਅਦ ਵਿੱਚ ਪੀ ਐਲ ਏ ਦੇ ਬੁਲਾਰੇ ਨੇ ਕਿਹਾ ਕਿ ਪਾਇਲਟ ਨੂੰ ਡਿਊਟੀ ਚਾਰਟਰ ਦੇ ਹਿਸਾਬ ਨਾਲ ਸਹੀ ਆਰਾਮ ਮਿਲਣਾ ਜ਼ਰੂਰੀ ਹੈ। ਇਹ ਯਾਤਰੀਆਂ ਦੀ ਸੇਫਟੀ ਲਈ ਬੇਹੱਦ ਜ਼ਰੂਰੀ ਹੈ। ਅਸੀਂ ਦੂਸਰੇ ਪ੍ਰਬੰਧ ਕੀਤੇ ਹਨ, ਤਾਂ ਕਿ ਫਲਾਈਟ ਨੂੰ ਇਸਲਾਮਾਬਾਦ ਲਿਆਂਦਾ ਜਾ ਸਕੇ।

ਅਸਲ ਵਿੱਚਪੀ ਐਲ ਏ ਦੀਆਂ ਮੁਸ਼ਕਲਾਂ ਪਿਛਲੇ ਸਾਲ ਜੂਨ ਵਿੱਚ ਸ਼ੁਰੂ ਹੋਈਆਂ ਸਨ ਅਤੇ ਓਦੋਂ ਪਾਕਿ-ਸਤਾਨ ਦੇ ਮੰਤਰੀ ਗੁਲਾਮ ਸਰਵਰ ਨੇ ਪਾਰਲੀਮੈਂਟ ਵਿੱਚ ਦੱਸਿਆ ਸੀ ਕਿ ਦੇਸ਼ ਦੇ ਚਾਲੀ ਫੀਸਦੀ ਪਾਇਲਟ ਫਰਜ਼ੀ ਲਾਇਸੈਂਸ ਅਤੇ ਡਿਗਰੀ ਨਾਲ ਨੌਕਰੀ ਕਰ ਰਹੇ ਹਨ। ਇਸ ਦੇ ਬਾਅਦ ਕਈ ਦੇਸ਼ਾਂ ਨੇ ਪੀ ਐਲ ਏ ਦੀਆਂ ਉਡਾਨਾਂ ਦੀਪਾਬੰਦੀ ਲਾ ਦਿੱਤਾ ਸੀ। ਸਭ ਤੋਂ ਵੱਡਾ ਝਟਕਾ ਯੂਰਪੀ ਯੂਨੀਅਨ ਨੇ ਦਿੱਤਾ ਅਤੇ ਸਭ ਤਰ੍ਹਾਂ ਦੇ ਪਾਇਲਟ ਆਪਰੇਸ਼ਨ ਬੰਦ ਕਰ ਦਿੱਤੇ ਸਨ।

# ਮਾਹਿਰਾਂ ਦੇ ਮੁਤਾਬਕ ਅਮਰੀਕਾ ਵਿੱਚ ਓਮੀਕਰੋਨ ਦਾ ਸਿਖਰ ਆਉਣਾ ਅਜੇ ਬਾਕੀ



ਵਾਸ਼ਿੰਗਟਨ, 18 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਦੇ ਓਮੀਕਰੋਨ ਵੈਰੀਐਂਟ ਦੇ ਕੇਸ ਬਹੁਤ ਜ਼ਿਆਦਾ ਵੱਧ ਗਏ ਹਨ। ਇੱਕ ਦਿਨ ਵਿੱਚ 10 ਲੱਖ ਤੋਂ ਵੱਧ ਕੇਸ ਮਿਲਣ ਲੱਗ ਪਏ ਹਨ ਅਤੇ ਇਸ ਸਮੇਂ ਕੋਰੋਨਾ ਦੇ ਡੇਢ ਲੱਖ ਤੋਂ ਵੱਧ ਮਰੀਜ਼ ਹਸਪਤਾਲਾਂ ਵਿੱਚ ਭਰਤੀ ਹਨ, ਪਰ ਅਮਰੀਕਾ ਦੇ ਸਰਜਨ ਜਨਰਲ ਡਾਕਟਰ ਵਿਵੇਕ ਮੂਰਤੀ ਦਾ ਕਹਿਣਾ ਹੈ ਕਿ ਅਜੇ ਓਮੀਕਰੋਨ ਦਾ ਸਿਖਰ ਆਉਣਾ ਬਾਕੀ ਹੈ ਅਤੇ ਆਉਣ ਵਾਲੇ ਹਫਤਿਆਂ ਵਿੱਚ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਅਤੇ ਮੌਤਾਂ ਵਧਣਗੀਆਂ। ਇਸ ਨਾਲ ਲੋਕਾਂ ਵਿੱਚ ਚਿੰਤਾ ਵਧ ਰਹੀ ਹੈ।

ਵਿਵੇਕ ਮੂਰਤੀ ਨੇ ਕਿਹਾ ਕਿ ਕੁਝ ਰਾਹਤ ਦੀ ਗੱਲ ਇਹ ਹੈ ਕਿ ਨਿਊ ਯਾਰਕ ਸ਼ਹਿਰ ਤੇ ਨਿਊਜਰਸੀ ਵਰਗੇ ਦੇਸ਼ ਦੇ ਉਤਰੀ ਹਿੱਸੇ ਵਿੱਚ ਕੋਰੋਨਾ ਇਨਫੈਕਸ਼ਨ ਦੇ ਨਵੇਂ ਕੇਸਾਂ ਵਿੱਚ ਸਥਿਰਤਾ ਆਈ ਜਾਂ ਮਾਮਲੇ ਘੱਟ ਹੋ ਰਹੇ ਹਨ। ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਪੂਰੇ ਦੇਸ਼ ਵਿੱਚ ਕੇਸ ਨਾ ਸਥਿਰ ਹੋ ਰਹੇ ਹਨ ਅਤੇ ਨਾ ਘੱਟ ਹੋ ਰਹੇ ਹਨ। ਅਗਲੇ ਇੱਕ ਦੋ ਦਿਨਾਂ ਵਿੱਚ ਕੋਈ ਰਾਹਤ ਨਹੀਂ ਮਿਲਣ ਵਾਲੀ ਅਤੇ ਕੇਸ ਸਿਖਰ ਉੱਤੇ ਪਹੁੰਚਣ ਵਿੱਚ ਅਜੇ ਕਈ ਹਫਤੇ ਲੱਗਣਗੇ ਅਤੇ ਇਹ ਸਮਾਂ ਅਮਰੀਕਾ ਲਈ ਬਹੁਤ ਕਠਿਨ ਹੋਣ ਵਾਲਾ ਹੈ।

ਅਮਰੀਕੀ ਦਵਾ ਕੰਪਨੀ ਫਾਈਜਰ ਦੇ ਸੀ ਈ ਓ ਅਲਬਰਟ ਬੌਰਲਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਕੰਪਨੀ ਨੇ ਕੋਰੋਨਾ ਨਾਲ ਨਜਿੱਠਣ ਵਿੱਚ ਮੱਦਦ ਲਈ ਅਗਲੇ ਪੰਜ ਸਾਲਾਂ ਵਿੱਚ ਫਰਾਂਸ ਵਿੱਚ 52 ਕਰੋੜ ਯੂਰੋ ਨਿਵੇਸ਼ ਕਰਨ ਦੀ ਯੋਜਨਾ ਬਣਾਈ ਹੈ। ਓਧਰ ਜਾਪਾਨ ਦੇ ਪ੍ਰਧਾਨ ਮੰਤਰੀ ਫੂਮੀਓ ਕਿਸ਼ਿਦਾ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਨਾਲ ਲੜਨ ਅਤੇ ਵਧਦੇ ਖੇਤਰੀਖਤਰੇ ਨਾਲ ਨਜਿੱਠਣ ਲਈ ਸਖਤ ਉਪਾਅ ਕਰਨਾ ਉਨ੍ਹਾਂ ਦੀ ਸਰਕਾਰ ਦੀ ਸਭ ਤੋਂ ਵੱਡੀ ਪਹਿਲ ਹੈ।

ਰੂਸ ਵਿੱਚ ਵੀ ਓਮੀਕਰੋਨ ਦੇ ਕਾਰਨ ਮਰੀਜ਼ਾਂ ਦੀ ਗਿਣਤੀ ਬੇਤਹਾਸ਼ਾ ਵੱਧ ਰਹੀ ਹੈ। ਪਰਸੋਂ 24 ਘੰਟਿਆਂ ਵਿੱਚ 30,726 ਨਵੇਂ ਕੇਸ ਮਿਲੇ ਸਨ। ਇੱਕ ਹਫਤਾ ਪਹਿਲਾਂ ਤਕ 15 ਹਜ਼ਾਰ ਦੇ ਆਸਪਾਸ ਰੋਜ਼ ਮਰੀਜ਼ ਮਿਲਦੇ ਸਨ। ਇਸ ਦੌਰਾਨ 670 ਲੋਕਾਂ ਦੀ ਜਾਨ ਵੀ ਗਈ ਹੈ।ਕੋਰੋਨਾ ਨਾਲ ਜੰਗ ਲਈ ਭਾਰਤ ਨੂੰ ਇੱਕ ਹੋਰ ਹਥਿਆਰ ਮਿਲਣ ਜਾ ਰਿਹਾ ਹੈ। ਪਹਿਲੀ ਮੈਸੇਂਜਰ ਐਮ ਆਰ ਐਨ ਏ ਵੈਕਸੀਨ ਦੇ ਫਰਵਰੀ ਵਿੱਚ ਮਨੁੱਖਾਂ ਉੱਤੇ ਤਜਰਬੇ ਸ਼ੁਰੂ ਹੋਣ ਦੀ ਆਸ ਹੈ। ਇਹ ਦੇਸ਼ ਵਿੱਚ ਹੀ ਬਣਾਈ ਹੈ। ਪੁਣੇ ਦੇ ਜੈਨੇਵਾ ਬਾਇਓਫਾਰਮਾਸਿਊਟੀਕਲਸ ਨੇ ਐਮ ਆਰ ਐਨ ਏ ਵੈਕਸੀਨ ਦੇ ਦੂਸਰੇ ਪੜਾਅ ਦਾ ਡਾਟਾ ਜਮ੍ਹਾ ਕਰਾ ਦਿੱਤਾ ਅਤੇ ਤੀਸਰੇ ਪੜਾਅ ਦਾ ਡਾਟਾ ਤਿਆਰ ਕਰਨ ਲਈ ਲੋਕਾਂ ਨੂੰ ਭਰਤੀ ਕੀਤਾ ਹੈ।

# ਨਕਲੀ ਸੂਰਜ ਤੋਂ ਬਾਅਦ ਚੀਨ ਨੇ ਨਕਲੀ ਚੰਨ ਵੀ ਬਣਾਇਆ



ਬੀਜਿੰਗ, 18 ਜਨਵਰੀ (ਪੋਸਟ ਬਿਊਰੋ)- ਨਕਲੀ ਸੂਰਜ ਬਣਾਉਣ ਤੋਂ ਬਾਅਦ ਚੀਨ ਨੇ ਨਕਲੀ ਚੰਨ ਵੀ ਬਣਾ ਲਿਆ ਹੈ। ਨਕਲੀ ਚੰਨ ਬਣਾਉਣ ਦੇ ਪਿੱਛੇ ਗਰੈਵਿਟੀ ਫੋਰਸ ਨਾਲ ਸਬੰਧਤ ਪ੍ਰਯੋਗ ਕਰਨਾ ਸੀ, ਜਿਸ ਵਿੱਚ ਨਕਲੀ ਚੰਨ ਤੋਂ ਗ੍ਰੈਵਿਟੀ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ। ਇਸ ਵਿੱਚ ਚੁੰਬਕੀ ਸ਼ਕਤੀ ਦਾ ਟੈਸਟ ਕੀਤਾ ਗਿਆ ਤਾਂ ਜੋ ਭਵਿੱਖ ਵਿੱਚ ਚੁੰਬਕੀ ਸ਼ਕਤੀ ਨਾਲ ਚੱਲਦੇ ਯਾਨ ਅਤੇ ਆਵਾਜਾਈ ਦੇ ਨਵੇਂ ਢੰਗ ਲੱਭੇ ਜਾਣ ਅਤੇ ਚੰਨ ਉੱਤੇ ਇਨਸਾਨੀ ਬਸਤੀ ਬਣ ਸਕੇ।

ਪਤਾ ਲੱਗਾ ਹੈ ਕਿ ਚੀਨ ਦੇ ਵਿਗਿਆਨੀਆਂ ਨੇ ਇਹ ਹਾਲੇ ਛੋਟਾ ਜਿਹਾ ਪ੍ਰਯੋਗ ਕੀਤਾ ਹੈ। ਇਸ ਮਗਰੋਂ ਇਸ ਸਾਲ ਦੇ ਅਖ਼ੀਰ ਤਕ ਇੱਕ ਤਾਕਤਵਰ ਚੁੰਬਕੀ ਸ਼ਕਤੀ ਵਾਲਾ ਵੈਕਊਮ ਚੈਂਬਰ ਬਣਾਏਗਾ, ਜਿਸ ਦਾ ਡਾਇਆਮੀਟਰ ਦੋ ਫ਼ੁਟ ਦਾ ਹੋਵੇਗਾ ਤਾਂ ਜੋ ਇਸ ਵਿੱਚੋਂਗਰੈਵਿਟੀ ਫੋਰਸ ਪੂਰੀ ਤਰ੍ਹਾਂ ਖ਼ਤਮ ਕਰ ਕੇ ਡੱਡੂ ਨੂੰ ਹਵਾ ਵਿੱਚ ਉਡਾਇਆ ਜਾ ਸਕੇ। ਹਾਲਾਂਕਿ ਡੱਡੂ ਨੂੰ ਅਜਿਹੇ ਵੈਕਊਮ ਚੈਂਬਰ ਵਿੱਚ ਪਹਿਲਾਂ ਵੀ ਲੈਵਿਟੇਟ ਕਰਾਇਆ ਜਾ ਚੁੱਕਾ ਹੈ।ਚਾਈਨਾ ਯੂਨੀਵਰਸਿਟੀ ਆਫ਼ ਮਾਈਨਿੰਗ ਐਂਡ ਤਕਨਾਲੋਜੀ ਦੇ ਜਿਉਟੈਕਨੀਕਲ ਇੰਜੀਨੀਅਰ ਲਈ ਰੂਈਲਿਨ ਨੇ ਕਿਹਾ ਕਿ ਚੰਨ ਦੇ ਧਰਾਤਲਵਾਂਗ ਹੀ ਇਸ ਵੈਕਊਮ ਚੈਂਬਰ ਨੂੰ ਪੱਥਰਾਂ ਅਤੇ ਧੂੜ ਨਾਲ ਭਰ ਦਿੱਤਾ ਜਾਵੇਗਾ। ਚੰਨ ਦਾ ਅਜਿਹਾ ਧਰਾਤਲ ਪਹਿਲੀ ਵਾਰ ਧਰਤੀ ਉੱਤੇ ਬਣਾਇਆ ਜਾਵੇਗਾ। ਇਸ ਦਾ ਛੋਟਾ ਪ੍ਰਯੋਗ ਅਸੀਂ ਕਰ ਚੁੱਕੇ ਹਾਂ ਜੋ ਸਫ਼ਲ ਰਿਹਾ, ਪਰ ਅਗਲੇ ਪ੍ਰਯੋਗ ਵਿੱਚ ਘੱਟ ਗੁਰਤਾ ਸ਼ਕਤੀ ਲੰਮੇ ਸਮੇਂ ਤਕ ਬਣਾਈ ਰੱਖਣ ਲਈ ਇਸ ਪ੍ਰਯੋਗ ਨੂੰ ਜ਼ਿਆਦਾ ਦਿਨ ਚਲਾਉਣ ਦੀ ਯੋਜਨਾ ਹੈ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149



# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇਂ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017